Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 328 22/05/2026 www.samajweekly.com samajweekly @samajweekly samajweekly

# ਅਮਰੀਕਾ ਨੇ ਹਮਲਾ ਕੀਤਾ ਤਾਂ ਖ਼ਿੱਤੇ ਤੋਂ ਬਾਹਰ ਤੱਕ ਜੰਗ ਫੈਲੇਗੀ: IRAN

## ਟਰੰਪ ਦੇ ਫ਼ੌਜੀ ਮੁਹਿੰਮ ਮੁੜ ਸ਼ੁਰੂ ਕਰਨ ਦੇ ਦਾਅਵੇ ਦਾ ਜਵਾਬ ਦਿੱਤਾ

**ਦੁਬਈ।** ਇਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਅਮਰੀਕਾ ਨੇ ਮੁੜ ਹਮਲਾ ਕੀਤਾ ਤਾਂ ਉਹ ਜੰਗ ਨੂੰ ਮੱਧ ਪੂਰਬ (ਮਿਡਲ ਈਸਟ) ਤੋਂ ਬਾਹਰ ਤੱਕ ਫੈਲਾ ਦੇਵੇਗਾ। ਇਹ ਬਿਆਨ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਦਾਅਵੇ ਤੋਂ ਬਾਅਦ ਆਇਆ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਉਹ ਫ਼ੌਜੀ ਮੁਹਿੰਮ ਮੁੜ ਸ਼ੁਰੂ ਕਰਨ ਦੇ ਫ਼ੈਸਲੇ ਦੇ ਬਿਲਕੁਲ ਨੇੜੇ ਪਹੁੰਚ ਗਏ ਸਨ। ਟਰੰਪ ਵੱਲੋਂ ਜੰਗਬੰਦੀ ਲਈ 'ਅਪਰੇਸ਼ਨ ਐਪਿਕ ਫਿਊਰੀ' ਰੋਕੇ ਜਾਣ ਦੇ ਛੇ ਹਫ਼ਤਿਆਂ ਬਾਅਦ ਵੀ ਜੰਗ ਖ਼ਤਮ ਕਰਨ ਸਬੰਧੀ ਗੱਲਬਾਤ ਤਕਰੀਬਨ ਰੁਕੀ ਹੋਈ ਹੈ। ਇਰਾਨ ਨੇ ਇਸ ਹਫ਼ਤੇ ਅਮਰੀਕਾ ਨੂੰ ਨਵੀਂ ਤਜਵੀਜ਼ ਦਿੱਤੀ ਸੀ, ਪਰ ਉਸ ਦੇ ਜਨਤਕ ਵੇਰਵਿਆਂ ਵਿੱਚ ਉਹੀ ਸ਼ਰਤਾਂ ਦੁਹਰਾਈਆਂ ਗਈਆਂ ਹਨ ਜਿਨ੍ਹਾਂ ਨੂੰ ਟਰੰਪ ਪਹਿਲਾਂ ਹੀ ਖ਼ਾਰਜ ਕਰ ਚੁੱਕੇ ਹਨ। ਟਰੰਪ ਨੇ ਲੰਘੇ ਸੋਮਵਾਰ ਅਤੇ ਫਿਰ ਮੰਗਲਵਾਰ ਨੂੰ ਕਿਹਾ ਕਿ ਉਹ ਨਵੀਂ ਬੰਬਾਰੀ ਮੁਹਿੰਮ ਦਾ ਹੁਕਮ ਦੇਣ ਦੇ ਬਹੁਤ ਨੇੜੇ ਸਨ, ਪਰ ਕੂਟਨੀਤੀ ਨੂੰ ਹੋਰ ਸਮਾਂ ਦੇਣ ਲਈ ਉਨ੍ਹਾਂ ਨੇ ਆਖ਼ਰੀ ਪਲਾਂ 'ਚ ਇਸ ਨੂੰ ਟਾਲ ਦਿੱਤਾ। ਇਰਾਨ ਪਹਿਲਾਂ ਵੀ ਕਈ ਵਾਰ ਚਿਤਾਵਨੀ ਦੇ ਚੁੱਕਾ ਹੈ ਕਿ ਉਹ ਕਿਸੇ ਵੀ ਨਵੇਂ ਹਮਲੇ ਦਾ ਬਦਲਾ



ਲੈਣ ਲਈ ਮੱਧ ਪੂਰਬ ਦੇ ਉਨ੍ਹਾਂ ਦੇਸ਼ਾਂ 'ਤੇ ਹਮਲਾ ਕਰੇਗਾ ਜਿੱਥੇ ਅਮਰੀਕੀ ਫ਼ੌਜਾਂ ਮੌਜੂਦ ਹਨ। ਅੱਜ ਉਸ ਨੇ ਸੰਕੇਤ ਦਿੱਤਾ ਹੈ ਕਿ ਉਹ ਇਸ ਖੇਤਰ ਤੋਂ ਬਾਹਰ ਦੀਆਂ ਹੱਦਾਂ ਨੂੰ ਵੀ ਨਿਸ਼ਾਨਾ ਬਣਾ ਸਕਦਾ ਹੈ। ਇਸੇ ਦੌਰਾਨ ਅੱਜ ਤਕਰੀਬਨ 40 ਲੱਖ ਬੈਰਲ ਤੇਲ ਨਾਲ ਲੱਦੇ ਦੋ ਵੱਡੇ ਚੀਨੀ ਟੈਂਕਰ ਹਰਮੁਜ਼ ਜਲ ਮਾਰਗ 'ਚੋਂ ਬਾਹਰ ਨਿਕਲੇ ਹਨ ਜੋ ਇਸ ਗੱਲ ਦਾ ਸੰਕੇਤ ਹੈ ਕਿ ਇਰਾਨ ਉਨ੍ਹਾਂ ਦੇਸ਼ਾਂ ਲਈ ਆਪਣੀ ਨਾਕਾਬੰਦੀ ਨੂੰ ਨਰਮ ਕਰਨ ਲਈ ਤਿਆਰ ਹੈ ਜਿਨ੍ਹਾਂ ਨੂੰ ਉਹ ਦੋਸਤ ਮੰਨਦਾ ਹੈ।

## ਨੀਟ ਪੇਪਰ ਲੀਕ ਮਾਮਲਾ, ਕਾਂਗਰਸ ਨੇ ਜੈਪੁਰ ਵਿੱਚ ਭਾਜਪਾ ਦੇ ਸੂਬਾ ਮੁੱਖ ਦਫ਼ਤਰ ਦਾ ਘਿਰਾਓ ਕਰਕੇ ਕੇਂਦਰ ਸਰਕਾਰ ਖ਼ਿਲਾਫ਼ ਕੀਤਾ ਪ੍ਰਦਰਸ਼ਨ

**ਜੈਪੁਰ:** ਨੀਟ ਯੂਜੀ ਪੇਪਰ ਲੀਕ ਮਾਮਲੇ ਨੂੰ ਲੈ ਕੇ ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿੱਚ ਵੀਰਵਾਰ ਨੂੰ ਕਾਂਗਰਸ ਨੇ ਬੀਜੇਪੀ ਮੁੱਖ ਦਫਤਰ ਦੇ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਕੀਤਾ। ਪ੍ਰਦੇਸ਼ ਕਾਂਗਰਸ ਪ੍ਰਧਾਨ ਗੋਵਿੰਦ ਸਿੰਘ ਡੋਟਾਸਰਾ ਦੀ ਅਗਵਾਈ ਵਿੱਚ ਕਾਂਗਰਸ ਆਗੂ ਅਤੇ ਵਰਕਰ ਪ੍ਰਦੇਸ਼ ਕਾਂਗਰਸ ਮੁੱਖ ਦਫਤਰ ਤੋਂ ਪੈਦਲ ਮਾਰਚ ਕਰਦੇ ਹੋਏ ਸ਼ਹੀਦ ਸਮਾਰਕ ਦੇ ਰਸਤਿਓਂ ਬੀਜੇਪੀ ਦਫਤਰ ਵੱਲ ਵਧੇ। ਪ੍ਰਦਰਸ਼ਨ ਦੇ ਚੱਲਦਿਆਂ ਪੂਰੇ ਇਲਾਕੇ ਵਿੱਚ ਭਾਰੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਸੀ। ਬੈਰੀਕੇਡਿੰਗ 'ਤੇ ਚੜ੍ਹੇ ਵਰਕਰ, ਪੁਲਿਸ ਨੇ ਚਲਾਈ



ਵਾਟਰ ਕੈਨਨ ਕਾਂਗਰਸ ਵਰਕਰਾਂ ਨੂੰ ਰੋਕਣ ਲਈ ਪੁਲਿਸ ਨੇ ਰਸਤੇ ਵਿੱਚ ਕਈ ਥਾਵਾਂ 'ਤੇ ਬੈਰੀਕੇਡ ਲਗਾਏ ਸਨ, ਪਰ ਪ੍ਰਦਰਸ਼ਨਕਾਰੀ ਬੈਰੀਕੇਡਿੰਗ 'ਤੇ ਚੜ੍ਹ ਗਏ। ਸਥਿਤੀ ਨੂੰ ਕਾਬੂ ਕਰਨ ਲਈ ਪੁਲਿਸ ਨੇ ਵਾਟਰ ਕੈਨਨ ਦੀ ਵਰਤੋਂ ਕੀਤੀ। ਬੀਜੇਪੀ ਮੁੱਖ ਦਫ਼ਤਰ ਵੱਲ ਵਧ ਰਹੇ ਕਾਂਗਰਸ ਵਰਕਰਾਂ ਅਤੇ ਪੁਲਿਸ ਵਿਚਾਲੇ ਧੱਕਾ-ਮੁੱਕੀ ਵੀ ਹੋਈ।

## ਫ਼ਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਵਾਪਰੇ ਹਾਦਸੇ ਵਿਚ 2 ਨੌਜਵਾਨਾਂ ਦੀ ਮੌਤ

**ਫਾਜ਼ਿਲਕਾ :** ਫਾਜ਼ਿਲਕਾ-ਫ਼ਿਰੋਜ਼ਪੁਰ ਰੋਡ 'ਤੇ ਟਾਲਾ ਸਾਹਿਬ ਗੁਰਦੁਆਰਾ ਦੇ ਨਜ਼ਦੀਕ ਸਥਿਤ ਪਟਰੌਲ ਪੰਪ ਕੋਲ 'ਤੇ ਤੇਜ਼ ਰਫ਼ਤਾਰ ਦੇ ਕਹਿਰ ਨੇ ਦੋ ਘਰਾਂ ਦੇ ਚਿਰਾਗ ਬੁਝਾ ਦਿਤੇ। ਦਵਾਈ ਲੈਣ ਲਈ ਫ਼ਰੀਦਕੋਟ ਜਾ ਰਹੇ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਦੀ ਸਾਹਮਣੇ ਤੋਂ ਆ ਰਹੀ ਇਕ ਤੇਜ਼ ਰਫ਼ਤਾਰ ਆਈ20 ਕਾਰ ਨਾਲ ਜ਼ਬਰਦ-ਸਤ ਟੱਕਰ ਹੋ ਗਈ। ਹਾਦਸੇ ਵਿਚ ਦੋਵਾਂ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਕਾਰ ਵਿਚ ਸਵਾਰ ਲੁਧਿਆਣਾ ਨਿਵਾਸੀ ਪਤੀ-ਪਤਨੀ ਵੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਮ੍ਰਿਤਕ ਨੌਜਵਾਨਾਂ ਦੀ ਪਛਾਣ ਮੰਡੀ ਲਾਧੂਕਾ ਦੇ ਰਹਿਣ ਵਾਲੇ ਸਾਜਨ ਕੁਮਾਰ ਪੁੱਤਰ



ਜਗਦੀਸ਼ ਸਿੰਘ ਅਤੇ ਵਿਸ਼ਾਲ ਕੁਮਾਰ ਪੁੱਤਰ ਖੈਤਲ ਵਜੋਂ ਹੋਈ ਹੈ। ਹਾਦਸੇ ਵਿਚ ਕਾਰ ਸਵਾਰ ਪਤੀ-ਪਤਨੀ ਗੁਰਜੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਕੁਲਦੀਪ ਕੌਰ ਵਾਸੀ ਗੱਜਰਵਾਲ, ਲੁਧਿਆਣਾ ਨੂੰ ਵੀ ਗੰਭੀਰ ਸੱਟਾਂ ਲੱਗੀਆਂ ਹਨ। ਥਾਣਾ ਅਮੀਰ ਖਾਸ ਦੀ ਪੁਲਿਸ ਨੇ ਜਾਂਚ ਸ਼ੁਰੂ ਕਰ ਦਿਤੀ ਹੈ।

# ਤੰਦੂਰ ਵਾਂਗੂ ਤਪ ਰਿਹਾ ਦੇਸ਼, 8 ਰਾਜਾਂ ਦੇ 16 ਸ਼ਹਿਰਾਂ ਵਿੱਚ ਤਾਪਮਾਨ 46 ਤੋਂ ਪਹੁੰਚਿਆ ਪਾਰ

**ਨਵੀਂ ਦਿੱਲੀ।** ਦੇਸ਼ ਵਿਚ ਤੇਜ਼ ਗਰਮੀ ਅਤੇ ਲੂ ਨੇ ਲੋਕਾਂ ਦਾ ਬੁਰਾ ਹਾਲ ਕੀਤਾ ਹੋਇਆ ਹੈ। ਮੌਸਮ ਵਿਭਾਗ ਦੇ ਅਨੁਸਾਰ, ਪਾਕਿਸਤਾਨ ਦੇ ਬਲੋਚਿਸਤਾਨ ਅਤੇ ਥਾਰ ਮਾਰੂਥਲ ਤੋਂ ਸੁੱਕੀਆਂ ਅਤੇ ਗਰਮ ਹਵਾਵਾਂ ਉੱਤਰੀ ਭਾਰਤ ਦੇ ਮੈਦਾਨੀ ਇਲਾਕਿਆਂ ਤੱਕ ਪਹੁੰਚ ਰਹੀਆਂ ਹਨ। ਇਸ ਨਾਲ ਮਈ ਵਿਚ ਜੂਨ ਵਾਲੀ ਗਰਮੀ ਮਹਿਸੂਸ ਹੋ ਰਹੀ ਹੈ। ਬੁੱਧਵਾਰ ਨੂੰ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਹਰਿਆਣਾ, ਦਿੱਲੀ, ਪੰਜਾਬ, ਓਡੀਸ਼ਾ ਅਤੇ ਮਹਾਰਾਸ਼ਟਰ ਦੇ 16 ਸ਼ਹਿਰਾਂ ਵਿਚ ਤਾਪਮਾਨ 46 ਡਿਗਰੀ ਸੈਲਸੀਅਸ ਤੋਂ ਵੱਧ ਗਿਆ। ਉੱਤਰ ਪ੍ਰਦੇਸ਼ ਦਾ ਬਾਂਦਾ ਦੇਸ਼ ਦਾ ਸਭ ਤੋਂ ਗਰਮ ਸਥਾਨ ਸੀ, ਜਿੱਥੇ ਤਾਪਮਾਨ 48 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਮੱਧ ਪ੍ਰਦੇਸ਼ ਦੇ ਖਜੁਰਾਹੋ ਅਤੇ ਮਹਾਰਾਸ਼ਟਰ ਦੇ ਵਰਧਾ ਵਿਚ ਕ੍ਰਮਵਾਰ 47.4 ਡਿਗਰੀ ਸੈਲਸੀਅਸ ਅਤੇ 47.1



ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਦਿੱਲੀ ਵਿੱਚ, ਪਾਰਾ 46.3 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ ਇੱਕ ਟ੍ਰਾਂਸਫਾਰਮਰ ਨੂੰ ਅਚਾਨਕ ਅੱਗ ਲੱਗ ਗਈ। ਲਖਨਊ ਚਿੜੀਆਘਰ ਵਿੱਚ, ਜਾਨਵਰਾਂ ਨੂੰ ਠੰਢਾ ਪਾਣੀ ਪਿਆਇਆ ਜਾ ਰਿਹਾ ਹੈ। ਇਟਾਵਾ ਸਫਾਰੀ ਵਿਖੇ, ਪ੍ਰਜਨਨ ਕੇਂਦਰ ਵਿੱਚ ਸ਼ੇਰਨੀ ਅਤੇ ਬੱਚਿਆਂ ਲਈ ਏਅਰ ਕੰਡੀਸ਼ਨਰ ਵਰਤੇ ਜਾ ਰਹੇ ਹਨ।

ਹਰਿਆਣਾ ਸਰਕਾਰ ਨੇ 25 ਮਈ ਤੋਂ 30 ਜੂਨ ਤੱਕ ਸਕੂਲਾਂ ਲਈ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ ਹੈ। ਆਮ ਤੌਰ 'ਤੇ, ਹਰਿਆਣਾ ਦੇ ਜ਼ਿਆਦਾਤਰ ਸਕੂਲ 1 ਜੂਨ ਤੋਂ 30 ਜੂਨ ਦੇ ਵਿਚਕਾਰ ਗਰਮੀਆਂ ਦੀਆਂ ਛੁੱਟੀਆਂ ਲਈ ਬੰਦ ਰਹਿੰਦੇ ਹਨ। ਹਰੇਕ ਸ਼ਹਿਰ ਵਿਚ ਅਸਲ ਤਾਪਮਾਨ ਅਤੇ ਮਹਿਸੂਸ ਕੀਤੇ ਤਾਪਮਾਨ ਵਿਚ ਔਸਤਨ 2°C ਤੋਂ 4°C ਤੱਕ ਦਾ ਅੰਤਰ ਹੁੰਦਾ ਹੈ। ਜਲਵਾਯੂ ਮਾਹਿਰਾਂ ਦੇ ਅਨੁਸਾਰ, ਲੋਕ ਮੌਸਮ ਵਿਭਾਗ ਦੇ ਅਨੁਮਾਨ ਨਾਲੋਂ ਕਿਤੇ ਜ਼ਿਆਦਾ ਗਰਮ ਤਾਪਮਾਨ ਦਾ ਅਨੁਭਵ ਕਰ ਰਹੇ ਹਨ। ਇਸ ਦਾ ਮੁੱਖ ਕਾਰਨ ਤੇਜ਼ੀ ਨਾਲ ਸ਼ਹਿਰੀਕਰਨ ਹੈ।

## ਸਫ਼ਾਈ ਸੇਵਕਾਂ ਤੇ ਸੀਵਰਮੈਨਾਂ ਦੀ ਹੜਤਾਲ ਹੋਈ ਖ਼ਤਮ : ਹਰਪਾਲ ਚੀਮਾ

**ਲੁਧਿਆਣਾ :** ਸਮੁੱਚੇ ਪੰਜਾਬ ਭਰ ਵਿਚ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਹੜਤਾਲ ਅੱਜ ਖ਼ਤਮ ਹੋ ਗਈ ਹੈ। ਇਸ ਦੀ ਜਾਣਕਾਰੀ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਵਲੋਂ ਪ੍ਰੈੱਸ ਕਾਨਫਰੰਸ ਕਰਕੇ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਸਫ਼ਾਈ ਸੇਵਕਾਂ ਤੇ ਸੀਵਰਮੈਨਾਂ ਦੇ ਵਫ਼ਦ ਨਾਲ ਮੀਟਿੰਗ ਹੋਈ ਹੈ ਜਿਸ ਵਿਚ ਉਨ੍ਹਾਂ ਦੀਆਂ ਕਈ ਮੰਗਾਂ ਉੱਪਰ ਵਿਚਾਰ ਕੀਤਾ ਗਿਆ ਹੈ ਤੇ ਕੁਝ ਮੰਗਾਂ ਦੇ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਤੇ ਜਲਦ ਹੀ ਵਿਚਾਰ ਕੀਤਾ ਜਾਵੇਗਾ ਅਤੇ ਉਸਦੇ ਪੁਖ਼ਤਾ ਹੱਲ ਕੀਤੇ ਜਾਣਗੇ। ਮੀਟਿੰਗ ਵਿਚ ਕਰਮਚਾਰੀ ਯੂਨੀਅਨ ਦੇ 35 ਆਗੂਆਂ ਦੇ ਨਾਲ ਸਾਡੀ ਮੀਟਿੰਗ ਹੋਈ ਇਸ ਮੀਟਿੰਗ ਵਿਚ ਮੇਰੇ ਨਾਲ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੀ ਮੌਜੂਦ ਸਨ। ਉਨ੍ਹਾਂ ਦੀਆਂ ਸਾਰੀਆਂ ਮੰਗਾਂ ਨੂੰ ਸਾਡੇ ਬੜੇ ਧਿਆਨ ਨਾਲ ਸੁਣਿਆ ਗਿਆ ਅਤੇ ਇਨ੍ਹਾਂ ਸਾਰੀਆਂ ਮੰਗਾਂ ਨੂੰ ਇਕ ਮਹੀਨੇ ਦੇ ਅੰਦਰ-ਅੰਦਰ ਪੂਰਾ ਕਰਨਾ ਦਾ ਕਰਮਚਾਰੀਆਂ ਨੂੰ ਭਰੋਸਾ ਦਿੱਤਾ ਗਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਹੜਤਾਲ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ। ਵਿੱਤ



ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿ ਪੰਜਾਬ ਸਰਕਾਰ ਵੱਲੋਂ ਇਕ ਮਹੀਨੇ ਦੇ ਅੰਦਰ-ਅੰਦਰ ਕਰਮਚਾਰੀਆਂ ਦੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ।


## ਰਾਂਚੀ ਵਿੱਚ 27 ਮਾਓਵਾਦੀਆਂ ਨੇ ਪੁਲਿਸ ਅੱਗੇ ਕੀਤਾ ਆਤਮ ਸਮਰਪਣ



**ਰਾਂਚੀ:** ਝਾਰਖੰਡ ਵਿੱਚ ਨਕਸਲੀਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ 'ਆਪ੍ਰੇਸ਼ਨ ਕਲੀਨ' ਨੂੰ ਅੱਜ ਇੱਕ ਬਹੁਤ ਵੱਡੀ ਕਾਮਯਾਬੀ ਮਿਲੀ ਹੈ। ਪੁਲਿਸ ਹੈੱਡਕੁਆਰਟਰ ਵਿਖੇ 21 ਮਈ ਨੂੰ ਆਯੋਜਿਤ ਇੱਕ ਅਧਿਕਾਰਤ ਪ੍ਰੋਗਰਾਮ ਦੌਰਾਨ ਝਾਰਖੰਡ ਪੁਲਿਸ ਅਤੇ ਸੀ.ਆਰ.ਪੀ.ਐੱਫ. ਦੇ ਸੀਨੀਅਰ ਅਧਿਕਾਰੀਆਂ ਦੇ ਸਾਹਮਣੇ 8 ਇਨਾਮੀ ਨਕਸਲੀਆਂ ਸਮੇਤ ਕੁੱਲ 27 ਨਕਸਲੀ ਆਪਣੇ ਹਥਿਆਰਾਂ ਸਮੇਤ ਆਤਮ-ਸਮਰਪਣ ਕਰਕੇ ਮੁੱਖ ਧਾਰਾ ਵਿੱਚ ਪਰਤ ਆਏ ਹਨ। ਆਤਮ-ਸਮਰਪਣ ਕਰਨ ਵਾਲੇ ਮਾਓਵਾਦੀਆਂ ਵਿੱਚੋਂ 25 ਸੀ.ਪੀ.ਆਈ. (ਮਾਓਵਾਦੀ) ਜਥੇਬੰਦੀ ਦੇ ਹਨ, ਜਦੋਂ ਕਿ ਦੋ ਜੇ.ਜੇ.ਐੱਮ.ਪੀ. ਉਗਰਵਾਦੀ ਜਥੇਬੰਦੀ ਨਾਲ ਜੁੜੇ ਹੋਏ ਹਨ। ਸਰੰਡਰ ਕਰਨ ਵਾਲੇ ਸੀ.ਪੀ.ਆਈ. ਮਾਓਵਾਦੀਆਂ ਦਾ ਇਹ ਦਸਤਾ ਕੋਲਹਾਨ ਦੇ ਬਹੁਤ ਹੀ ਦੁਰਗਮ ਪਹਾੜੀ ਅਤੇ ਜੰਗਲੀ ਇਲਾਕਿਆਂ ਵਿੱਚ ਸਰਗਰਮ ਸੀ। ਇਸ ਦਸਤੇ ਨੇ ਪਿਛਲੇ ਕੁਝ ਸਾਲਾਂ ਵਿੱਚ ਸਾਬਕਾ ਵਿਧਾਇਕ 'ਤੇ ਜਾਨਲੇਵਾ ਹਮਲਾ ਕਰਨ, ਸੁਰੱਖਿਆ ਬਲਾਂ ਦੀ ਹੱਤਿਆ ਕਰਨ ਅਤੇ ਇੱਕ ਤੋਂ ਬਾਅਦ ਇੱਕ ਕਈ ਆਈ.ਈ.ਡੀ. ਬਲਾਸਟ ਕਰਨ ਵਰਗੀਆਂ ਕਈ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ। ਪੁਲਿਸ ਅਨੁਸਾਰ, ਆਤਮ-ਸਮਰਪਣ ਕਰਨ ਵਾਲੇ ਇਹਨਾਂ ਨਕਸਲੀਆਂ ਖ਼ਿਲਾਫ਼ ਸੂਬੇ ਦੇ ਵੱਖ-ਵੱਖ ਥਾਣਿਆਂ ਵਿੱਚ ਕੁੱਲ 426 ਗੰਭੀਰ ਮਾਮਲੇ ਦਰਜ ਹਨ। ਇਹਨਾਂ 'ਤੇ ਹੱਤਿਆ, ਪੁਲਿਸ ਬਲਾਂ 'ਤੇ ਹਮਲਾ, ਜਬਰੀ ਵਸੂਲੀ, ਧਮਾਕੇ ਅਤੇ ਹਥਿਆਰਬੰਦ ਗਤੀਵਿਧੀਆਂ ਵਰਗੇ ਦੋਸ਼ ਹਨ। ਸਰੈਂਡਰ ਦੌਰਾਨ ਨਕਸਲੀਆਂ ਨੇ ਭਾਰੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ-ਬਾਰੂਦ ਵੀ ਸੁਰੱਖਿਆ ਬਲਾਂ ਨੂੰ ਸੌਂਪਿਆ ਹੈ। ਇਹਨਾਂ ਵਿੱਚ ਇੱਕ ਐੱਲ.ਐੱਮ.ਜੀ. ਇੰਸਾਸ, ਚਾਰ ਇੰਸਾਸ ਰਾਈਫਲਾਂ, ਨੌ ਐੱਸ.ਐੱਲ.ਆਰ., ਇੱਕ ਬੋਲਟ ਐਕਸ਼ਨ ਰਾਈਫਲ, ਇੱਕ ਪਿਸਤੌਲ, 31 ਮੈਗਜ਼ੀਨ, 2987 ਕਾਰਤੂਸ ਅਤੇ ਅੱਠ ਵਾਕੀ-ਟਾਕੀ ਸ਼ਾਮਲ ਹਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484

## ਖਰੜ-ਕੁਰਾਲੀ ਰੋਡ 'ਤੇ ਵਾਪਰੇ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਤ



**ਖਰੜ** ।ਬੀਤੀ ਦੇਰ ਰਾਤ ਖਰੜ ਕੁਰਾਲੀ ਮੇਨ ਹਾਈਵੇ ਤੇ ਪਿੰਡ ਦਾਊਮਾਜਰਾ ਵਿਖੇ ਵਾਪਰੇ ਇਕ ਸੜਕ ਹਾਦਸੇ 'ਚ ਇਕ ਕਾਰ ਚਾਲਕ ਵੱਲੋਂ ਮੋਟਰਸਾਈਕਲ ਸਵਾਰਾਂ ਨੂੰ ਟੱਕਰ ਮਾਰਨ ਨਾਲ ਵਾਪਰੇ ਹਾਦਸੇ 'ਚ ਡਿਲੀਵਰੀ ਦੇਣ ਦਾ ਕੰਮ ਕਰਦੇ ਦੋ ਨੌਜਵਾਨਾਂ ਦੀ ਮੌਤ ਹੋਣ ਬਾਰੇ ਸੂਚਨਾ ਪ੍ਰਾਪਤ ਹੋਈ ਹੈ।ਇਸ ਹਾਦਸੇ 'ਚ ਮਾਰੇ ਗਏ ਨੌਜਵਾਨਾਂ ਦੀ ਪਹਿਚਾਣ ਜਸਦੀਪ ਸਿੰਘ (21) ਪੁੱਤਰ ਚਰਨਜੀਤ ਸਿੰਘ ਵਾਸੀ ਕੁਰਾਲੀ ਤੇ ਅਮਨਪ੍ਰੀਤ ਸਿੰਘ (30) ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਮੀਆਂ ਪੁਰ ਵਜੋਂ ਹੋਈ ਹੈ।

ਇਸ ਬਾਰੇ ਸਿਵਲ ਹਸਪਤਾਲ ਖਰੜ ਵਿਖੇ ਮ੍ਰਿਤਕ ਨੌਜਵਾਨ ਜਸਦੀਪ ਸਿੰਘ ਦੇ ਪਿਤਾ ਚਰਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਜੋਕਿ ਡਿਲੀਵਰੀ ਬੁਆਏ ਦਾ ਰਾਤ ਨੂੰ ਕੰਮ ਕਰਦਾ ਸੀ ਤੇ ਬੀਤੀ ਰਾਤ ਵੀ ਉਹ ਅਪਣੇ ਦੋਸਤ ਨਾਲ ਕੰਮ ਕਰ ਰਿਹਾ ਸੀ।ਉਨ੍ਹਾਂ ਦੱਸਿਆ ਕਿ ਰਾਤ ਸਮੇਂ ਉਸ ਦਾ ਦੋਸਤ ਅਮਨ ਮੋਟਰਸਾਈਕਲ ਚਲਾ ਰਿਹਾ ਸੀ ਤੇ ਉਸ ਦਾ ਪੁੱਤ ਪਿੱਛੇ ਬੈਠਾ ਸੀ ਜਦੋਂ ਉਹ ਦੋਵੇਂ ਪਿੰਡ ਦਾਊਮਾਜਰਾ ਦੇ ਚੌਰਸਤੇ 'ਤੇ ਪਹੁੰਚੇ ਤਾਂ ਪਿੱਛੋਂ ਆ ਰਹੀ ਇਕ ਤੇਜ਼ ਰਫਤਾਰ ਕਾਰ ਨੇ ਉਨ੍ਹਾਂ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ ਅਤੇ ਕਾਰ ਚਾਲਕ ਅਪਣੀ ਕਾਰ ਨੂੰ ਮੌਕੇ ਤੋਂ ਭਜਾਉਣ ਦੇ ਚੱਕਰ 'ਚ ਉਨ੍ਹਾਂ ਦੇ ਬੱਚਿਆਂ ਨੂੰ ਕਾਫੀ ਅੱਗੇ ਤੱਕ ਘੜੀਸ ਕੇ ਲੈ ਗਿਆ ਜਿਸ ਕਾਰਨ ਉਹ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਰਾਤ ਸਮੇਂ ਰਾਹਗੀਰਾਂ ਵਲੋਂ ਸਿਵਲ ਹਸਪਤਾਲ ਖਰੜ ਪਹੁੰਚਾਇਆ ਗਿਆ ਜਿੱਥੇ ਡਿਊਟੀ ਡਾਕਟਰਾਂ ਵਲੋਂ ਉਨ੍ਹਾਂ ਦੋਵਾਂ ਨੂੰ ਮ੍ਰਿਤਕ ਐਲਾਨ ਦਿਤਾ ਗਿਆ।

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਬੰਬ ਦੀਆਂ ਧਮਕੀਆਂ ਦੇਣ ਵਾਲੇ ਅੰਤਰਰਾਜੀ ਗਿਰੋਹ ਦਾ ਕੀਤਾ ਪਰਦਾਫਾਸ਼

## ਮੁੱਖ ਮੁਲਜ਼ਮ ਸੌਰਵ ਬਿਸਵਾਸ ਉਰਫ਼ ਮਾਈਕਲ ਨੂੰ ਪੱਛਮੀ ਬੰਗਾਲ ਤੋਂ ਕੀਤਾ ਗ੍ਰਿਫ਼ਤਾਰ

**ਅੰਮ੍ਰਿਤਸਰ :** ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਪੱਛਮੀ ਬੰਗਾਲ ਤੋਂ ਇਕ ਮੁੱਖ ਸੰਚਾਲਕ ਸੌਰਵ ਬਿਸਵਾਸ ਉਰਫ਼ ਮਾਈਕਲ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਕਈ ਰਾਜਾਂ ਦੇ ਸਕੂਲਾਂ ਅਤੇ ਹੋਰ ਸੰਵੇਦਨਸ਼ੀਲ ਅਦਾਰਿਆਂ ਨੂੰ ਸਮੂਹਿਕ "ਬੰਬ ਧਮਾਕੇ" ਧਮਕੀ ਵਾਲੇ ਈ-ਮੇਲ ਭੇਜਣ ਵਿਚ ਸ਼ਾਮਲ ਸੀ। ਇਹਨਾਂ ਧਮਕੀ ਭਰੇ ਈ-ਮੇਲਾਂ ਦਾ ਉਦੇਸ਼ ਦਹਿਸ਼ਤ ਫੈਲਾਉਣਾ ਅਤੇ ਜਨਤਕ ਸ਼ਾਂਤੀ ਅਤੇ ਰਾਸ਼ਟਰੀ ਸੁਰੱਖਿਆ ਨੂੰ ਭੰਗ ਕਰਨਾ ਸੀ। ਇਹਨਾਂ ਗਤੀਵਿਧੀਆਂ ਵਿੱਚ ਵਰਤੇ ਜਾਣ ਵਾਲੇ ਅਗਿਆਤ ਡਿਜੀਟਲ ਟੂਲਸ ਦੇ ਪ੍ਰਦਾਤਾ ਨੂੰ ਗ੍ਰਿਫ਼ਤਾਰ ਕਰਕੇ, ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਸਾਈਬਰ-ਅਪਰਾਧੀਆਂ ਦੁਆਰਾ ਅਜਿਹੇ ਧਮਕੀਆਂ ਜਾਰੀ ਕਰਨ ਲਈ ਵਰਤੇ ਜਾ ਰਹੇ ਬੁਨਿਆਦੀ ਢਾਂਚੇ ਦੀ ਜੜ੍ਹ 'ਤੇ ਹਮਲਾ ਕੀਤਾ ਹੈ। ਇੱਕ ਡਿਜੀਟਲ ਟ੍ਰੇਲ ਅਤੇ ਤਕਨੀਕੀ ਵਿਸ਼ਲੇਸ਼ਣ ਤੋਂ ਬਾਅਦ, ਪੁਲਿਸ ਟੀਮ ਨੇ ਦੋਸ਼ੀ ਨੂੰ ਪੱਛਮੀ ਬੰਗਾਲ ਤੱਕ ਟ੍ਰੈਕ ਕੀਤਾ, ਜਿਸ ਤੋਂ ਬਾਅਦ ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਉਸ ਨੂੰ ਮੌਜੂਦਾ ਮਾਮਲਿਆਂ ਵਿਚ ਨਾਮਜ਼ਦ ਕੀਤਾ। ਦੋਸ਼ੀ ਨੂੰ ਗੁਜਰਾਤ ਪੁਲਿਸ ਨੇ ਵੀ ਇਸੇ ਤਰ੍ਹਾਂ ਦੇ ਇਕ ਮਾਮਲੇ ਵਿਚ ਨਾਮਜ਼ਦ ਕੀਤਾ ਸੀ। ਤਕਨੀਕੀ ਵਿਸ਼ਲੇਸ਼ਣ ਨੇ ਪੁਸ਼ਟੀ ਕੀਤੀ ਕਿ ਇਹਨਾਂ ਈ-ਮੇਲ ਖਾਤਿਆਂ ਦੀ ਵਰਤੋਂ ਅੰਮ੍ਰਿਤਸਰ ਅਤੇ ਦੇਸ਼ ਦੇ ਵੱਖ-ਵੱਖ ਹੋਰ ਹਿੱਸਿਆਂ ਵਿਚ ਜਾਂਚ ਅਧੀਨ



ਧਮਕੀ ਭਰੇ ਈ-ਮੇਲ ਭੇਜਣ ਲਈ ਕੀਤੀ ਗਈ ਸੀ। ਜਾਂਚ ਦੌਰਾਨ ਖੁਲਾਸਾ ਹੋਇਆ ਕਿ ਦੋਸ਼ੀ ਵੱਖ-ਵੱਖ ਫੇਸਬੁੱਕ ਸਮੂਹਾਂ ਰਾਹੀਂ ਈ-ਮੇਲ ਖਾਤਿਆਂ ਨੂੰ ਖਰੀਦਣ ਅਤੇ ਵੇਚਣ ਦੇ ਕਾਰੋਬਾਰ ਵਿੱਚ ਸ਼ਾਮਲ ਸੀ। ਲਗਭਗ 300 ਜੀਮੇਲ ਖਾਤੇ ਅਣਪਛਾਤੇ ਵਿਅਕਤੀਆਂ ਤੋਂ ਔਨਲਾਈਨ ਪਲੇਟਫਾਰਮਾਂ ਰਾਹੀਂ ਖਰੀਦੇ ਗਏ ਸਨ। ਹੋਰ ਜਾਂਚ ਤੋਂ ਪਤਾ ਲੱਗਾ ਕਿ 219 ਜੀਮੇਲ ਖਾਤੇ ਵਟਸਐਪ ਰਾਹੀਂ ਬੰਗਲਾਦੇਸ਼ ਵਿੱਚ ਸਥਿਤ ਇੱਕ ਵਿਅਕਤੀ ਨੂੰ ਵੇਚੇ ਗਏ ਸਨ। ਇਹਨਾਂ ਖਾਤਿਆਂ ਨੂੰ ਖਰੀਦਣ ਅਤੇ ਵੇਚਣ ਲਈ ਲੈਣ-ਦੇਣ USDT ਕ੍ਰਿਪਟੋਕਰੰਸੀ ਦੀ ਵਰਤੋਂ ਕਰਕੇ ਕੀਤੇ ਗਏ ਸਨ। ਇਸ ਤੋਂ ਇਲਾਵਾ, ਇਹ ਪਾਇਆ ਗਿਆ ਕਿ ਇਹਨਾਂ ਈ-ਮੇਲ ਖਾਤਿਆਂ ਨੂੰ ਬਾਅਦ ਵਿਚ ਪਾਕਿਸਤਾਨ ਸਥਿਤ ਅਣਪਛਾਤੇ ਵਿਅਕਤੀਆਂ ਨੂੰ ਸਪਲਾਈ ਕੀਤਾ ਗਿਆ ਸੀ, ਜਿਨ੍ਹਾਂ ਨੇ ਕਥਿਤ ਤੌਰ 'ਤੇ ਇਹਨਾਂ ਦੀ ਵਰਤੋਂ ਬੰਬ ਧਮਕੀ ਵਾਲੇ ਈ-ਮੇਲ ਅਤੇ ਹੋਰ ਗੈਰ-ਕਾਨੂੰਨੀ ਸਾਈਬਰ ਗਤੀਵਿਧੀਆਂ ਭੇਜਣ ਲਈ ਕੀਤੀ ਸੀ। ਬੰਗਲਾਦੇਸ਼ ਲਿੰਕ ਸੰਬੰਧੀ ਸਬੰਧਤ ਏਜੰਸੀਆਂ ਦੁਆਰਾ ਵੀ ਜਾਂਚ ਕੀਤੀ ਜਾ ਰਹੀ ਹੈ।

## ਪੁਲਵਾਮਾ ਹਮਲੇ ਦੇ ਮਾਸਟਰ ਮਾਈਂਡ ਦੀ ਗੋਲੀ ਮਾਰ ਕੇ ਹੱਤਿਆ



**ਪੁਲਵਾਮਾ** : ਪੁਲਵਾਮਾ ਹਮਲੇ ਦਾ ਦਰਦ ਭਾਰਤ ਹਾਲੇ ਤੱਕ ਨਹੀਂ ਭੁੱਲ ਸਕਿਆ, ਕਿਉਂਕਿ ਇਸ ਅੱਤਵਾਦੀ ਹਮਲੇ ’ਚ ਸੀਆਰਪੀਐਫ ਦੇ 40 ਜਵਾਨ ਸ਼ਹੀਦ ਹੋ ਗਏ ਸੀ, ਹਾਲਾਂਕਿ ਭਾਰਤ ਨੇ ਇਸ ਦੇ ਜਵਾਬ ਵਿਚ ਸਰਜੀਕਲ ਸਟ੍ਰਾਈਕ ਪਾਕਿਸਤਾਨ ਸਥਿਤ ਕਈ ਅੱਤਵਾਦੀਆਂ ਦੇ ਟਿਕਾਣਿਆਂ ਨੂੰ ਨਿਸਤੋ ਨਾਬੂਤ ਕਰ ਦਿੱਤਾ ਸੀ,ਪਰ ਹੁਣ ਇਸ ਹਮਲੇ ਦੇ ਇਕ ਮਾਸਟਰ ਮਾਈਂਡ ਹਮਜ਼ਾ ਬੁਰਹਾਨ ਨੂੰ ਕੁੱਝ ਅਣਪਛਾਤੇ ਲੋਕਾਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਸੋ ਆਓ ਤੁਹਾਨੂੰ ਦੱਸਦੇ ਆਂ ਕੀ ਐ ਪੂਰੀ ਖ਼ਬਰ ਅਤੇ ਕੌਣ ਸੀ ਭਾਰਤ ਦਾ ਮੋਸਟ ਵਾਂਟੇਡ ਹਮਜ਼ਾ ਬੁਰਹਾਨ? ਪੁਲਵਾਮਾ ਅੱਤਵਾਦੀ ਹਮਲੇ ਵਿਚ ਸ਼ਾਮਲ ਅੱਤਵਾਦੀ ਹਮਜ਼ਾ ਬੁਰਹਾਨ ਦੀ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਐ। ਜਾਣਕਾਰੀ ਮਿਲ ਰਹੀ ਐ ਕਿ ਮਕਬੂਜ਼ਾ ਕਸ਼ਮੀਰ ਦੇ ਮੁਜ਼ੱਫ਼ਰਾਬਾਦ ਵਿਚ ਅਣਪਛਾਤੇ ਹਮਲਾਵਰਾਂ ਨੇ ਹਮਜ਼ਾ ਬੁਰਹਾਨ ਨੂੰ ਨਿਸ਼ਾਨਾ ਬਣਾ ਕੇ ਕਈ ਗੋਲੀਆਂ ਚਲਾਈਆਂ, ਜਿਸ ਤੋਂ ਬਾਅਦ ਮੌਕੇ ’ਤੇ ਹੀ ਉਸ ਦੀ ਮੌਤ ਹੋ ਗਈ। ਭਾਰਤ ਨੇ 2022 ਵਿਚ ਹਮਜ਼ਾ ਬੁਰਹਾਨ ਨੂੰ ਗ਼ੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਯੂਏਪੀਏ ਦੇ ਤਹਿਤ ਅੱਤਵਾਦੀ ਐਲਾਨ ਕੀਤਾ ਹੋਇਆ ਸੀ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਕਾਕਰੋਚ ਜਨਤਾ ਪਾਰਟੀ ਨੇ ਸੋਸ਼ਲ ਮੀਡੀਆ 'ਤੇ ਮਚਾਈ ਧੂਮ, ਇੰਸਟਾਗ੍ਰਾਮ 'ਤੇ 6 ਦਿਨਾਂ 'ਚ ਜੁੜੇ 1.1 ਕਰੋੜ ਫਾਲੋਅਰਜ਼

## ਮਹਾਰਾਸ਼ਟਰ ਦੇ ਅਭਿਜੀਤ ਦੀਪਕੇ ਵੱਲੋਂ ਬਣਾਈ ਗਈ ਪਾਰਟੀ

**ਮਹਾਰਾਸ਼ਟਰ:** ਸੋਸ਼ਲ ਮੀਡੀਆ ’ਤੇ ਹਰ ਦਿਨ ਕੁੱਝ ਨਾ ਕੁੱਝ ਅਨੋਖਾ ਅਤੇ ਨਵੀਂ ਚੀਜ਼ ਦੇਖਣ ਨੂੰ ਮਿਲਦੀ ਹੈ, ਹੁਣ ਸੋਸ਼ਲ ਮੀਡੀਆ ’ਤੇ ਕਾਕਰੋਚ ਜਨਤਾ ਪਾਰਟੀ ਨਾਮ ਛਾਇਆ ਹੋਇਐ, ਜਿਸ ਦੇ ਬਾਰੇ ਵਿਚ ਹਰ ਕੋਈ ਜਾਣਨਾ ਚਾਹੁੰਦੈ ਕਿ ਆਖ਼ਰ ਇਹ ਕੀ ਹੈ? ਅਭਿਜੀਤ ਦੀਪਕੇ ਨਾਂਅ ਦੇ ਇਕ ਵਿਅਕਤੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਅਤੇ ਇੰਸਟਾਗ੍ਰਾਮ ’ਤੇ ਕਾਕਰੋਚ ਜਨਤਾ ਪਾਰਟੀ ਨਾਂਅ ਤੋਂ ਅਕਾਊਂਟ ਬਣਾਏ ਹੋਏ ਅਤੇ ਲੱਖਾਂ ਲੋਕ ਇਸ ਨਾਲ ਜੁੜ ਵੀ ਚੁੱਕੇ ਹਨ। ਕਾਕਰੋਚ ਜਨਤਾ ਪਾਰਟੀ ਦੇ ਇੰਸਟਾਗ੍ਰਾਮ ’ਤੇ ਮਹਿਜ਼ 5 ਦਿਨਾਂ ਦੇ ਅੰਦਰ 90 ਲੱਖ ਫਾਲੋਅਰਜ਼ ਹੋ ਗਏ ਨੇ, ਜਦਕਿ ਐਕਸ ’ਤੇ ਇਕ ਲੱਖ ਤੋਂ ਵੱਧ ਫਾਲੋਅਰਜ਼ ਹੋ ਚੁੱਕੇ ਨੇ। ਹੋਰ ਤਾਂ ਹੋਰ ਇਸ ਨਾਮ ਤੋਂ ਇਕ ਵੈਬਸਾਈਟ ਵੀ ਬਣੀ ਹੋਈ ਐ, ਜਿਸ ਨੂੰ ਖੋਲ੍ਹਦਿਆਂ ਹੀ ਤੁਹਾਨੂੰ ਇੱਥੇ ਲਿਖਿਆ ਦਿਸੇਗਾ ਕਿ ਇਹ ਆਲਸੀ ਅਤੇ ਬੇਰੁਜ਼ਗਾਰ ਲੋਕਾਂ ਦੀ ਆਵਾਜ਼ ਐ। ਜੇਕਰ ਕਾਕਰੋਚ ਜਨਤਾ ਪਾਰਟੀ ਬਾਰੇ ਗੱਲ ਕੀਤੀ ਜਾਵੇ ਤਾਂ :

**ਕੀ ਹੈ ਕਾਕਰੋਚ ਜਨਤਾ ਪਾਰਟੀ?**

ਦਰਅਸਲ ਕਾਕਰੋਚ ਜਨਤਾ ਪਾਰਟੀ ਦੀ ਸ਼ੁਰੂਆਤ ਉਸ ਸਮੇਂ ਹੋਈ ਜਦੋਂ ਭਾਰਤ ਦੇ ਮੁੱਖ ਜੱਜ ਸੂਰੀਆ ਕਾਂਤ ਦਾ ਇਕ ਬਿਆਨ ਵਾਇਰਲ ਹੋਇਆ, ਜਿਸ ਵਿਚ ਬੇਰੁਜ਼ਗਾਰ ਨੌਜਵਾਨਾਂ ਦੀ ਤੁਲਨਾ ਕਾਕਰੋਚ ਨਾਲ ਕੀਤੇ ਜਾਣ ਦੀ ਗੱਲ ਸਾਹ- ਮਣੇ ਆਈ। ਇਸ ਤੋਂ ਬਾਅਦ ਅਭਿਜੀਤ ਦੀਪਕੇ ਨਾਂ ਦੇ ਇਕ ਵਿਅਕਤੀ ਨੇ 16 ਮਈ ਨੂੰ ਇਸ ਮਜ਼ਾਕੀਆ ਪਾਰਟੀ ਦੀ ਸ਼ੁਰੂਆਤ ਕੀਤੀ। ਦੇਖਦੇ ਹੀ ਦੇਖਦੇ ਹੀ ਇਹ ਪਾਰਟੀ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਈ ਅਤੇ ਕੁੱਝ ਹੀ ਦਿਨਾਂ ’ਚ ਲੱਖਾਂ ਲੋਕ ਇਸ ਨਾਲ ਜੁੜ ਗਏ।

ਖ਼ਾਸ ਕਰਕੇ ਜੈੱਨ ਜੀ ਦੇ ਵਿਚਕ- ਾਰ ਇਹ ਨਵਾਂ ਇੰਟਰਨੈੱਟ ਟ੍ਰੈਂਡ ਬਣ ਚੁੱਕਿਆ ਏ। ਇੰਸਟਾਗ੍ਰਾਮ ਰੀਲਜ਼ ਅਤੇ ਮੀਮਸ ’ਚ ਲੋਕ






ਮਜ਼ਾਕੀਆ ਅੰਦਾਜ਼ ਵਿਚ ਖ਼ੁਦ ਨੂੰ ਪਾਰਟੀ ਲੀਡਰ ਬਣਨ ਦੇ ਯੋਗ ਦੱਸ ਰਹੇ ਨੇ। ਹੋਰ ਤਾਂ ਹੋਰ ਕਾਕਰੋਚ ਪਾਰਟੀ ਦਾ ਮੈਨੀਫੈਸਟੋ ਵੀ ਕਾਫ਼ੀ ਮਜ਼ੇਦਾਰ ਅੰਦਾਜ਼ ਵਿਚ ਬਣਾਇਆ ਗਿਐ, ਜਿਸ ਵਿਚ :

**ਕਾਕਰੋਚ ਜਨਤਾ ਪਾਰਟੀ ਦਾ ਮੈਨੀਫੈਸਟੋ**

- ਪਾਰਟੀ ਖ਼ੁਦ ਨੂੰ ਸੈਕੂਲਰ, ਸੋਸ਼ਲਿਸਟ, ਡੈਮੋਕ੍ਰੇਟਿਕ ਅਤੇ ਲੇਜ਼ੀ ਦੱਸਦੀ ਐ।
- ਸੇਵਾਮੁਕਤੀ ਤੋਂ ਬਾਅਦ ਚੀਫ਼ ਜਸਟਿਸ ਨੂੰ ਰਾਜ ਸਭਾ ਸੀਟ ਨਾ ਦੇਣ ਦਾ ਵਾਅਦਾ।
- ਸੰਸਦ ’ਚ ਔਰਤਾਂ ਨੂੰ 50 ਫ਼ੀਸਦ ਰਾਖਵਾਂਕਰਨ ਦੇਣ ਦਾ ਵਾਅਦਾ।
- ਪਾਰਟੀ ਬਦਲਣ ਵਾਲੇ ਨੇਤਾਵਾਂ ’ਤੇ 20 ਸਾਲ ਤੱਕ ਚੋਣ ਲੜਨ ’ਤੇ ਰੋਕ ਲਾਉਣਾ।
- ਜੇਕਰ ਕੋਈ ਜਾਇਜ਼ ਵੋਟ ਡਿਲੀਟ ਕੀਤਾ ਜਾਵੇਗਾ ਤਾਂ ਮੁੱਖ ਚੋਣ ਕਮਿਸ਼ਨ ਨੂੰ ਯੂਏਪੀਏ ਤਹਿਤ ਗ੍ਰਿਫ਼ਤਾਰ ਕੀਤਾ ਜਾਵੇਗਾ ਕਿਉਂਕਿ ਕਿਸੇ ਦਾ ਵੋਟ ਅਧਿਕਾਰ ਖੋਹਣਾ ਅੱਤਵਾਦ ਤੋਂ ਘੱਟ ਨਹੀਂ।
- ਅੰਬਾਨੀ ਅਤੇ ਅਡਾਨੀ ਦੇ ਸਾਰੇ ਮੀਡੀਆ ਸੰਸਥਾਨਾਂ ਦੇ ਲਾਇੰਸੈਂਸ ਰੱਦ ਕੀਤੇ ਜਾਣਗੇ ਤਾਂਕਿ ਅਸਲ ਵਿਚ ਆਜ਼ਾਦ ਮੀਡੀਆ ਨੂੰ ਜਗ੍ਹਾ ਮਿਲ ਸਕੇ।
- ਗੋਦੀ ਮੀਡੀਆ ਐਂਕਰਾਂ ਦੇ ਬੈਂਕ ਖਾਤਿਆਂ ਦੀ ਜਾਂਚ ਕਰਵਾਈ ਜਾਵੇਗੀ।

ਕੌਣ ਹਨ ਅਭਿਜੀਤ ਦੀਪਕੇ?

- ਅਭਿਜੀਤ ਦੀਪਕੇ ਮਹਾਰਾਸ਼ਟਰ ਦੇ ਛਤਰਪਤੀ ਸੰਭਾਜੀਨਗਰ ਦੇ ਰਹਿਣ ਵਾਲੇ ਹਨ।
- ਉਹ ਇਕ ਪ੍ਰੋਫੈਸ਼ਨਲ ਪੋਲੀਟੀਕਲ ਕਮਿਊਨੀਕੇਸ਼ਨਜ਼ ਸਟ੍ਰੈਟੇਜਿਸ ਹਨ।
- ਉਨ੍ਹਾਂ ਨੇ ਪੂਣੇ ਤੋਂ ਜਰਨਲਿਜ਼ਮ ’ਚ ਗ੍ਰੇਜੁਏਸ਼ਨ ਦੀ ਪੜ੍ਹਾਈ ਕੀਤੀ ਹੈ।
- ਉਨ੍ਹਾਂ ਨੇ ਹਾਇਰ ਐਜੁਕੇਸ਼ਨ ਅਮਰੀਕਾ ਤੋਂ ਹਾਸਲ ਕੀਤੀ।
- ਅਭਿਜੀਤ ਨੇ ਅਮਰੀਕਾ ਦੀ ਬੋਸਟਨ ਯੂਨੀਵਰਸਿਟੀ ਤੋਂ ਪਬਲਿਕ ਰਿਲੇਸ਼ਨਜ਼ ’ਚ ਮਾਸਟਰ ਆਫ਼ ਸਾਇੰਸ ਦੀ ਡਿਗਰੀ ਹਾਸਲ ਕੀਤੀ ਹੋਈ ਹੈ।
- ਉਨ੍ਹਾਂ ਨੇ 2020 ਤੋਂ 2022 ਦੇ ਵਿਚਕਾਰ ਆਮ ਆਦਮੀ ਪਾਰਟੀ ਦੀ ਸੋਸ਼ਲ ਮੀਡੀਆ ਟੀਮ ਨਾਲ ਵੀ ਕੰਮ ਕੀਤਾ ਹੈ।
- ਉਹ ਦਿੱਲੀ ਦੇ ਸਿੱਖਿਆ ਵਿਭਾਗ ’ਚ ਕਮਿਊਨੀਕੇਸ਼ਨਜ਼ ਐਡਵਾਇਜ਼ਰ ਦੇ ਤੌਰ ’ਤੇ ਵੀ ਕੰਮ ਕਰ ਚੁੱਕੇ ਹਨ।

ਦੱਸ ਦਈਏ ਕਿ ਜੇਕਰ ਕੋਈ ਕਾਕਰੋਚ ਜਨਤਾ ਪਾਰਟੀ ਦੀ ਮੈਂਬਰਸ਼ਿਪ ਲੈਣੀ ਚਾਹੁੰਦਾ ਹੈ ਤਾਂ ਉਸ ਦੇ ਕੋਲ ਚਾਰ ਯੋਗਤਾਵਾਂ ਹੋਣੀਆਂ ਜ਼ਰੂਰੀ ਨੇ, ਜਿਨ੍ਹਾਂ ਵਿਚ ਪਹਿਲਾ ਬੇਰੁਜ਼ਗਾਰੀ, ਦੂਜਾ ਆਲਸੀ ਹੋਣਾ, ਤੀਜਾ ਆਨਲਾਈਨ ਰਹਿਣ ਦੀ ਲਤ ਅਤੇ ਚੌਥਾ ਪ੍ਰੋਫੈਸ਼ਨਲੀ ਭੜਾਸ ਕੱਢਣ ਦੀ ਸਮਰੱਥਾ ਹੋਣੀ ਚਾਹੀਦੀ ਐ। ਖ਼ਾਸ ਗੱਲ ਇਹ ਐ ਕਿ ਵੀਰਵਾਰ 9 ਵਜੇ ਤੱਕ ਇਸ ਪਾਰਟੀ ਦੇ ਇੰਸਟਾਗ੍ਰਾਮ ’ਤੇ ਫਾਲੋਅਰਜ਼ 1.1 ਕਰੋੜ ਤੋਂ ਜ਼ਿਆਦਾ ਅਤੇ ਐਕਸ ’ਤੇ 1 ਲੱਖ 60 ਹਜ਼ਾਰ ਤੱਕ ਪਹੁੰਚ ਗਏ ਜਦਕਿ ਇੰਸਟਾਗ੍ਰਾਮ ’ਤੇ ਭਾਜਪਾ ਦੇ 87 ਲੱਖ ਅਤੇ ਕਾਂਗਰਸ ਦੇ 1.33 ਕਰੋੜ ਫਾਲੋਅਰਜ਼ ਹਨ। ਕਾਕਰੋਚ ਪਾਰਟੀ ਦੇ ਮਹਿਜ਼ ਇਕ ਦਿਨ ਦੇ ਅੰਦਰ ਹੀ 40 ਲੱਖ ਤੋਂ ਜ਼ਿਆਦਾ ਫਾਲੋਅਰਜ਼ ਵਧ ਚੁੱਕੇ ਹਨ।

# ਲੋੜਵੰਦਾਂ ਦੀ ਸੇਵਾ ਲਈ “ਸਰਬੱਤ ਦਾ ਭਲਾ ਫਾਊਂਡੇਸ਼ਨ” ਦਾ ਗਠਨ

## ਅਨਾਥ ਆਸ਼ਰਮ, ਬਿਰਧ ਆਸ਼ਰਮ ਅਤੇ ਪਿੰਗਲਵਾੜਾ ਲਈ ਖਰੀਦੀ ਜਾ ਰਹੀ ਹੈ ਜ਼ਮੀਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਰਹਿਤਵਾਨ ਸਿੱਖ ਭਲਾਈ ਮੰਚ, ਭਾਈ ਘਨੱਈਆ ਜੀ ਨਿਸ਼ਕਾਮ ਸੇਵਾ ਸੁਸਾਇਟੀ ਅਤੇ ਮਾਨਵ ਏਕਤਾ ਨੌਜਵਾਨ ਵੈਲਫੇਅਰ ਸੇਵਾ ਸੁਸਾਇਟੀ ਵੱਲੋਂ ਇਕ ਸਾਂਝੇ ਉਪਰਾਲੇ ਤਹਿਤ “ਸਰਬੱਤ ਦਾ ਭਲਾ ਫਾਊਂਡੇਸ਼ਨ (ਰਜਿ:)” ਦਾ ਗਠਨ ਕੀਤਾ ਗਿਆ। ਇਹ ਸਮਾਗਮ ਫਾਊਂਡੇਸ਼ਨ ਦੇ ਪ੍ਰਧਾਨ ਸਰਬਜੀਤ ਸਿੰਘ ਕਾਕਾ, ਸਰਪ੍ਰਸਤ ਪ੍ਰਿਤਪਾਲ ਸਿੰਘ ਪ੍ਰਧਾਨ, ਚੇਅਰਮੈਨ ਡਾ: ਸੁਖਦੇਵ ਸਿੰਘ, ਵਾਈਸ ਚੇਅਰਮੈਨ ਮਨੋਹਰ ਸਿੰਘ ਮੱਕੜ, ਪ੍ਰਿੰਸੀਪਲ ਲਖਦੇਵ ਸਿੰਘ ਅਤੇ ਜਨਰਲ ਸੈਕਟਰੀ ਰਜਿੰਦਰ ਸਿੰਘ ਸਰਹਾਲੀ ਦੀ ਮੌਜੂਦਗੀ ਵਿੱਚ ਕਰਵਾਇਆ ਗਿਆ। ਇਸ ਮੌਕੇ ਫਾਊਂਡੇਸ਼ਨ ਦੇ ਹੋਰ ਅਹੁਦੇਦਾਰਾਂ ਵਿੱਚ ਹਰਜਿੰਦਰ ਸਿੰਘ ਠੇਕੇਦਾਰ, ਹਰਜੋਤ ਸਿੰਘ



ਸਰਬੱਤ ਦਾ ਭਲਾ ਫਾਊਂਡੇਸ਼ਨ ਦੇ ਗਠਨ ਵੇਲੇ ਪ੍ਰਧਾਨ ਸਰਬਜੀਤ ਸਿੰਘ ਕਾਕਾ, ਵਾਈਸ ਚੇਅਰਮੈਨ ਮਨੋਹਰ ਸਿੰਘ ਮੱਕੜ, ਜਨਰਲ ਸੈਕਟਰੀ ਰਜਿੰਦਰ ਸਿੰਘ ਸਰਹਾਲੀ ਤੇ ਸਮੁੱਚੇ ਆਹੁਦੇਦਾਰ।

ਬੱਬਲ, ਰਣਧੀਰ ਸਿੰਘ ਧੀਰਾ, ਰਾਜ ਕੁਮਾਰ ਰਾਜੂ, ਸਤਨਾਮ ਸਿੰਘ ਮੱਕੜ, ਬਲਰਾਮ ਕ੍ਰਿਸ਼ਨ ਗਰਗ, ਹਰਜਿੰਦਰ ਸਿੰਘ ਸੋਢੀ, ਪ੍ਰੋ: ਗੁਰਪ੍ਰੀਤ ਸਿੰਘ, ਵਿਨੋਦ ਕੁਮਾਰ ਜਿੰਦਲ, ਰਣਜੀਤ ਸਿੰਘ ਮਠਾੜੂ, ਸੁਖਦੇਵ ਸਿੰਘ ਸੋਨੂੰ, ਸੋਨੂੰ ਮੱਕੜ, ਬਲਵਿੰਦਰ ਸਿੰਘ ਪੰਮਾ, ਗੁਰਪ੍ਰੀਤ ਸਿੰਘ ਪ੍ਰੀਤੀ, ਸਰਬਜੀਤ ਸਿੰਘ ਰੋਬਿਨ, ਗੁਰਮੀਤ ਸਿੰਘ ਨਿੱਝਰ, ਅਰਸ਼ਦੀਪ ਸਿੰਘ (ਦੋਨੋਂ) ਪ੍ਰੈਸ ਸਕੱਤਰ, ਗੁਰਪ੍ਰੀਤ ਸਿੰਘ ਜੰਡੂ ਅਤੇ ਰੁਪਿੰਦਰ ਸਿੰਘ ਰਾਜਾ ਸਮੇਤ ਕਈ ਪ੍ਰਮੁੱਖ ਮੈਂਬਰਾਂ ਦੀ ਹਾਜ਼ਰੀ ਵਿੱਚ 98 ਮੈਂਬਰੀ ਕਮੇਟੀ ਦਾ ਐਲਾਨ ਵੀ ਕੀਤਾ ਗਿਆ।ਫਾਊਂਡੇਸ਼ਨ ਦੇ ਪ੍ਰਧਾਨ ਸਰਬਜੀਤ ਸਿੰਘ ਕਾਕਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਲੋੜਵੰਦਾਂ, ਬੇਸਹਾਰਿਆਂ ਅਤੇ ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਡੀ-ਮਾਰਟ ਦੇ ਪਿੱਛੇ ਪਿੰਡ ਸੰਗੋਵਾਲ ਵਿਖੇ ਅਨਾਥ ਆਸ਼ਰਮ, ਬਿਰਧ ਆਸ਼ਰਮ ਅਤੇ ਪਿੰਗਲਵਾੜਾ ਬਣਾਉਣ ਲਈ ਜ਼ਮੀਨ ਖਰੀਦੀ ਜਾ ਰਹੀ ਹੈ, ਜਿਸ ਲਈ ਕਰੀਬ 21 ਲੱਖ ਰੁਪਏ ਦਾ ਭੁਗਤਾਨ ਬਿਆਨੇ ਦੇ ਰੂਪ ਵਿੱਚ ਕੀਤਾ ਗਿਆ ਹੈ ਅਤੇ ਰਹਿੰਦੀ ਰਕਮ ਦਾ ਵੀ ਭੁਗਤਾਨ ਜਲਦੀ ਕਰ ਦਿੱਤਾ ਜਾਵੇਗਾ। ਉਨ੍ਹਾਂ ਸਮਾਜ ਸੇਵਾ ਨਾਲ ਜੁੜੇ ਲੋਕਾਂ ਅਤੇ ਦਾਨੀ ਸੱਜਣਾਂ ਨੂੰ ਇਸ ਮਨੁੱਖਤਾ ਭਲਾਈ ਦੇ ਮਹਾਂਕੁੰਭ ਨਾਲ ਜੁੜਨ ਦੀ ਅਪੀਲ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਜਲਦ ਹੀ ਬੈਂਕ ਅਕਾਊਂਟ ਅਤੇ ਗੂਗਲ ਪੇਅ ਕੋਡ ਜਾਰੀ ਕੀਤਾ ਜਾਵੇਗਾ, ਤਾਂ ਜੋ ਵੱਧ ਤੋਂ ਵੱਧ ਲੋਕ ਇਸ ਨੇਕ ਕਾਰਜ ਵਿੱਚ ਆਪਣਾ ਯੋਗਦਾਨ ਪਾ ਸਕਣ। ਪ੍ਰਧਾਨ ਸਰਬਜੀਤ ਸਿੰਘ ਕਾਕਾ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਜਲਦ ਹੀ ਇੱਕ ਹੋਰ ਮੀਟਿੰਗ ਕਰਕੇ ਸੰਸਥਾ ਦੇ ਮੈਂਬਰਾਂ ਵੱਲੋਂ ਸੰਸਥਾ ਦੀ ਬੇਹਤਰੀ ਅਤੇ ਕੰਮਾਂ ਨੂੰ ਲੈ ਕੇ ਸੁਝਾਉ ਇਕੱਠੇ ਕੀਤੇ ਜਾਣਗੇ।

# ਸਮਾਜ ਸੇਵੀ ਲਾਲਾ ਜੀਵਨ ਕੁਮਾਰ ਜੀ ਨਮਿਤ ਪਾਠ ਦਾ ਭੋਗ ਅਤੇ ਰਸਮ ਪਗੜੀ ਅੰਬੇਡਕਰ ਭਵਨ ਲੁਧਿਆਣਾ ਵਿਖੇ ਕੱਲ੍ਹ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਦੇ ਵਾਲਮੀਕੀ ਕੌਮ ਦੇ ਬੱਬਰ ਸ਼ੇਰ, ਸਮਾਜ ਸੇਵੀ, ਕਰਮਯੋਗੀ, ਬੇਸਹਾਰਿਆਂ ਮਜ਼ਦੂਰਾਂ ਕਾਮਿਆਂ ਦੇ ਪੱਖ 'ਚ ਆਵਾਜ਼ ਬੁਲੰਦ ਕਰਨ ਵਾਲੇ ਸ਼੍ਰੀ ਲਾਲਾ ਜੀਵਨ ਕੁਮਾਰ ਜੀ ਦੇ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਰਸਮ ਪਗੜੀ 23 ਮਈ ਦਿਨ ਸ਼ਨੀਵਾਰ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਡਾਕਟਰ ਬੀ.ਆਰ. ਅੰਬੇਡਕਰ ਭਵਨ, ਜਲੰਧਰ ਬਾਈਪਾਸ ਚੌਂਕ ਵਿਖੇ ਹੋਵੇਗੀ। ਲਾਲਾ ਜੀਵਨ ਕੁਮਾਰ ਜੀ ਦੇ ਪਰਿਵਾਰ ਵਿੱਚ ਪਿੱਛੇ ਉਹ ਆਪਣੀ ਧਰਮ ਪਤਨੀ ਦੋ ਬੇਟੇ ਅਤੇ ਦੋ ਬੇਟੀਆਂ ਨੂੰ ਛੱਡ ਗਏ ਹਨ। ਕੁਝ ਸਾਲ ਪਹਿਲਾਂ ਲਾਲਾ ਜੀ ਇੱਕ ਬੇਟੀ ਜੋ ਕਿ ਪੇਸ਼ੇ ਦੇ ਤੌਰ ਤੇ ਡਾਕਟਰ ਸੀ ਉਸ ਤੋਂ ਇਲਾਵਾ ਇੱਕ ਬੇਟੀ ਐੱਮ.ਏ ਇੰਗਲਿਸ਼ ਬੀ.ਐਡ, ਤੀਸਰੀ ਬੇਟੀ ਵੀ ਕਾਫੀ ਪੜ੍ਹੀ ਲਿਖੀ ਹੈ। ਲਾਲਾ ਜੀ ਦੇ ਦੋ ਬੇਟਿਆਂ ਵਿੱਚੋਂ ਇੱਕ ਬੇਟਾ ਰਤਨ ਬੜੇਂਚ ਲਾਲਾ ਜੀ ਵਾਂਗ ਸਮਾਜ ਸੇਵਾ ਸਿਆਸਤ ਦੀ ਪਰਖ ਰੱਖਦਾ ਹੈ । ਲਾਲਾ ਜੀ ਦਾ ਦੂਸਰਾ ਬੇਟਾ ਕਰਨ ਬੜੇਂਚ ਅਮਰੀਕਾ ਵਿੱਚ ਰਹਿ ਰਿਹਾ ਹੈ। ਲਾਲਾ ਜੀ ਅੰਬੇਡਕਰ ਸਾਹਿਬ ਦੇ ਬਹੁਤ ਵੱਡੇ ਅਨੁਆਈ ਸਨ । ਹਮੇਸ਼ਾਂ ਪੜ੍ਹਾਈ ਨੂੰ ਪ੍ਰਾਥਮਿਕਤਾ ਦਿੰਦੇ ਸਨ ਤੇ ਆਪਣੇ



ਬੱਚਿਆਂ ਨੂੰ ਬਾਬਾ ਸਾਹਿਬ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦੇ ਹੋਏ ਚੰਗੀ ਪੜ੍ਹਾਈ ਕਰਾਈ। ਲਾਲਾ ਜੀ ਨੇ ਦੋ ਪਾਰਟੀਆਂ ਤੋਂ ਇਲੈਕਸ਼ਨ ਲੜੇ ।

ਪਹਿਲੇ ਇਲੈਕਸ਼ਨ ਉਹਨਾਂ ਨੇ 1992-94 ਦੇ ਵਿੱਚ ਬਹੁਜਨ ਸਮਾਜ ਪਾਰਟੀ ਤੋਂ, ਉਸ ਤੋਂ ਬਾਅਦ 2002 'ਚ ਲੁਧਿਆਣੇ ਦੇ ਵਾਰਡ ਨੰਬਰ ਛੇ ਕਾਂਗਰਸ ਪਾਰਟੀ ਤੋਂ ਵੀ ਇਲੈਕਸ਼ਨ ਲੜੇ। ਪਰ ਦੋਨੋਂ ਵਾਰ ਹਾਰ ਦਾ ਮੂੰਹ ਦੇਖਣਾ ਪਿਆ ਇਸ ਸਭ ਦੇ ਬਾਵਜੂਦ ਵੀ ਲਾਲਾ ਜੀ ਕਦੇ ਵੀ ਡਰੇ ਘਬਰਾਏ ਨਹੀਂ ਅਤੇ ਜ਼ਿੰਦਗੀ ਵਿੱਚ ਅੱਗੇ ਵਧਦੇ ਗਏ। ਸਮੇਂ- ਸਮੇਂ ਤੇ ਲਾਲਾ ਜੀ ਲੁਧਿਆਣੇ ਦੀ ਕਾਂਗਰਸ ਪਾਰਟੀ ਵਿੱਚ ਵੱਖ-ਵੱਖ ਅਹੁਦਿਆਂ ਤੇ ਰਹੇ ਅਤੇ ਆਮ ਲੋਕਾਂ ਲਈ ਸਮਾਜਿਕ ਆਰਥਿਕ ਧਾਰਮਿਕ ਰਾਜਨੀਤਿਕ ਕੰਮ ਕਰਦੇ ਰਹੇ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮੈਰਿਟ ਵਿੱਚ ਆਈ ਵਿਦਿਆਰਥਣ ਦਾ ਜਵੱਦੀ ਟਕਸਾਲ ਵੱਲੋਂ ਸਨਮਾਨ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪਿਛਲੇ ਦਿਨੀਂ ਸੀ.ਬੀ.ਐੱਸ.ਸੀ.ਦੇ ਨਤੀਜੇ ਵਿੱਚ ਗੁਰੂ ਨਾਨਕ ਪਬਲਿਕ ਸਕੂਲ ਸਰਾਭਾ ਨਗਰ ਲੁਧਿਆਣਾ ਦੀ ਵਿਦਿਆਰਥਣ ਹਰਪੁਨੀਤ ਕੌਰ ਨੇ ਬਾਰਵੀਂ ਜਮਾਤ ਦੇ ਹਿਊਮੈਂਨਟੀਜ਼ ਗਰੁੱਪ ਵਿੱਚੋਂ 97% ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ ਹੈ। ਸਿੱਖ ਪੰਥ ਦੀ ਸਿਰਮੌਰ ਸੰਸਥਾ ਜਵੱਦੀ ਟਕਸਾਲ ਵੱਲੋਂ ਹਰਪੁਨੀਤ ਕੌਰ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸੰਤ ਬਾਬਾ ਅਮੀਰ ਸਿੰਘ ਮੁਖੀ ਜਵੱਦੀ ਟਕਸਾਲ ਨੇ ਕਿਹਾ ਕਿ ਹਰਪੁਨੀਤ ਕੌਰ ਗੁਰੂ ਸਾਹਿਬ ਦੀ ਕਿਰਪਾ ਸਦਕੇ ਆਪਣੀ ਸਖ਼ਤ ਮਿਹਨਤ ਕਰਕੇ ਇਸ ਮੁਕਾਮ ਤੇ ਪਹੁੰਚੀ ਹੈ। ਉਹਨਾਂ ਕਿਹਾ ਕਿ ਬੱਚੀ ਦੀ ਇਸ ਪ੍ਰਾਪਤੀ ਪਿੱਛੇ ਪੂਰੇ ਪਰਿਵਾਰ ਦਾ ਵਿਸ਼ੇਸ ਯੋਗਦਾਨ ਹੈ। ਗੌਰਤਲਬ ਹੈ ਕਿ ਹਰਪੁਨੀਤ ਨੇ ਸਕੂਲ ਵਿੱਚੋਂ ਆਪਣੇ ਗਰੁੱਪ ਵਿੱਚ ਚਾਰ ਵਿਸ਼ਿਆਂ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕਰਕੇ ਮੈਰਿਟ ਵਿੱਚ ਆਪਣੀ ਜਗ੍ਹਾ ਬਣਾਈ ਹੈ। ਬਾਬਾ ਜੀ ਨੇ ਜਿੱਥੇ ਪਰਿਵਾਰ ਨੂੰ ਵਧਾਈ ਦਿੱਤੀ ਉੱਥੇ ਬੱਚੀ ਦੀ ਅਗਲੇਰੇ ਭਵਿੱਖ ਵਿੱਚ ਸਫ਼ਲਤਾ ਦੀ ਕਾਮਨਾ ਕੀਤੀ। ਇਸ ਮੌਕੇ ਨਾਇਬ ਸਿੰਘ, ਅੰਮ੍ਰਿਤਪਾਲ ਸਿੰਘ ਗਰੇਵਾਲ, ਸਕੱਤਰ ਸਿੰਘ ਅਤੇ ਟਕਸਾਲ ਦੇ ਸਿੰਘ ਹਾਜ਼ਰ ਸਨ।

# ਟੀ.ਬੀ. ਮੁਕਤ ਭਾਰਤ ਅਭਿਆਨ ਨਿਕਸ਼ੇ ਮਿੱਤਰਾਂ ਤਹਿਤ ਮੀਟਿੰਗ ਹੋਈ

**ਟੀ.ਬੀ. ਮਰੀਜ਼ਾਂ ਨੂੰ ਗੋਦ ਲੈ ਕੇ ਪੋਸ਼ਣ ਤੇ ਇਲਾਜ ਵਿੱਚ ਸਹਾਇਤਾ ਕਰਨ ਦੀ ਅਪੀਲ : ਸਹਾਇਕ ਕਮਿਸ਼ਨਰ**



**ਨਵਾਂਸ਼ਹਿਰ, 21 ਮਈ(ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਹਾਇਕ ਕਮਿਸ਼ਨਰ (ਜ) ਰਮਨਜੀਤ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਟੀ.ਬੀ. ਮੁਕਤ ਭਾਰਤ ਅਭਿਆਨ ਨਿ-ਕਸ਼ੈ ਮਿੱਤਰਾਂ ਤਹਿਤ ਸਿਹਤ ਵਿਭਾਗ, ਉਦਯੋਗਾਂ, ਕਾਰਪੋਰੇਟਾਂ ਅਤੇ ਬੈਂਕਾਂ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਡਾ. ਗੁਰਿੰਦਰ ਸਿੰਘ ਸਿਵਲ ਸਰਜਨ, ਡਾ. ਕਿਸ਼ਨ ਰਾਏ ਜ਼ਿਲ੍ਹਾ ਟੀਬੀ ਅਫਸਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨਿਧੀ ਸਿਨਹਾ, ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁੰਮਾਇਦੇ ਹਾਜ਼ਰ ਸਨ।

ਮੀਟਿੰਗ ਦੌਰਾਨ ਸਹਾਇਕ ਕਮਿਸ਼ਨਰ ਨੇ ਕਿਹਾ ਕਿ ਟੀ.ਬੀ. ਮੁਕਤ ਭਾਰਤ ਅਭਿਆਨ ਦਾ ਮੁੱਖ ਉਦੇਸ਼ ਦੇਸ਼ ਨੂੰ ਟੀ.ਬੀ. ਮੁਕਤ ਬਣਾਉਣਾ ਹੈ। ਇਸ ਲਈ ਸਾਰੇ ਵਿਭਾਗ, ਸਮਾਜ ਸੇਵੀ ਸੰਸਥਾਵਾਂ, ਉਦਯੋਗਿਕ ਇਕਾਈਆਂ ਅਤੇ ਦਾਨੀ ਸੱਜਣ ਨਿਕਸ਼ੇ ਮਿੱਤਰ ਬਣ ਕੇ ਟੀ.ਬੀ. ਮਰੀਜ਼ਾਂ ਨੂੰ ਗੋਦ ਲੈਣ ਅਤੇ ਉਨ੍ਹਾਂ ਨੂੰ ਪੋਸ਼ਣ ਕਿੱਟਾਂ, ਇਲਾਜ ਵਿੱਚ ਸਹਾਇਤਾ ਅਤੇ ਮਾਨਸਿਕ ਹੌਂਸਲਾ ਪ੍ਰਦਾਨ ਕਰਨ।

ਜ਼ਿਲ੍ਹਾ ਟੀ.ਬੀ. ਅਫਸਰ ਡਾ. ਕਿਸ਼ਨ ਰਾਏ ਨੇ ਦੱਸਿਆ ਕਿ ਨਿਕਸ਼ੇ ਮਿੱਤਰ ਬਣਨ ਵਾਲੇ ਵਿਅਕਤੀ ਜਾਂ ਸੰਸਥਾ ਘੱਟੋ-ਘੱਟ 6 ਮਹੀਨੇ ਜਾਂ ਮਰੀਜ਼ ਦੇ ਪੂਰੀ ਤਰ੍ਹਾਂ ਠੀਕ ਹੋਣ ਤੱਕ ਪੋਸ਼ਣ ਸਹਾਇਤਾ ਦੇ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਮਰੀਜ਼ਾਂ ਨੂੰ ਵੱਖ-ਵੱਖ ਨਿਕਸ਼ੇ ਮਿੱਤਰਾਂ ਵੱਲੋਂ ਗੋਦ ਲਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਟੀ.ਬੀ. ਦਾ ਇਲਾਜ ਸੰਭਵ ਹੈ ਅਤੇ ਸਰਕਾਰ ਵੱਲੋਂ ਮੁਫ਼ਤ ਜਾਂਚ ਤੇ ਦਵਾਈਆਂ ਉਪਲਬਧ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਲੱਛਣ ਦਿਖਣ ’ਤੇ ਤੁਰੰਤ ਨੇੜਲੇ ਸਿਹਤ ਕੇਂਦਰ ਵਿੱਚ ਜਾਂਚ ਕਰਵਾਈ ਜਾਵੇ। ਉਨ੍ਹਾਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਤੋਂ ਪੰਚਾਇਤਾਂ ਰਾਹੀਂ ਪਿੰਡ ਪੱਧਰ ’ਤੇ ਜਾਗਰੂਕਤਾ ਫੈਲਾਉਣ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਨਿਕਸ਼ੇ ਮਿੱਤਰ ਬਣਨ ਲਈ ਪ੍ਰੇਰਿਤ ਕਰਨ ਲਈ ਕਿਹਾ। ਉਨ੍ਹਾਂ ਨੇ ਸਾਰਿਆਂ ਨੂੰ ਟੀ.ਬੀ. ਮੁਕਤ ਭਾਰਤ ਅਭਿਆਨ ਨੂੰ ਸਫਲ ਬਣਾਉਣ ਲਈ ਸਰਗਰਮ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

# ਮਰਹੂਮ ਪ੍ਰਧਾਨ ਮੰਤਰੀ ਭਾਰਤ ਰਤਨ ਰਾਜੀਵ ਗਾਂਧੀ ਜੀ ਦੀ 35ਵੀਂ ਬਰਸੀ ਹਲਕਾ ਦੱਖਣੀ ਵਿੱਚ ਸ਼ਰਧਾ ਸਤਿਕਾਰ ਨਾਲ ਬਾਵਾ ਦੀ ਸਰਪ੍ਰਸਤੀ ਹੇਠ ਮਨਾਈ

**ਕੰਪਿਊਟਰ ਯੁੱਗ ਦੀ ਸ਼ੁਰੂਆਤ ਅਤੇ ਲੋਕਤੰਤਰ ਨੂੰ ਹੇਠਲੇ ਪੱਧਰ ਤੋਂ ਮਜਬੂਤ ਰਾਜੀਵ ਗਾਂਧੀ ਨੇ ਕੀਤਾ- ਪੰਜਾਬ ਨੂੰ ਕਪੂਰਥਲਾ ਰੇਲ ਕੋਚ ਫੈਕਟਰੀ ਦਿੱਤੀ**



**ਲੁਧਿਆਣਾ 21 ਮਈ (ਕਰਨੈਲ ਸਿੰਘ ਐੱਮ.ਏ.)-** ਅੱਜ ਹਲਕਾ ਦੱਖਣੀ ਵਿਖੇ ਕਾਂਗਰਸੀ ਵਰਕਰਾਂ ਨੇ ਰਾਜੀਵ ਗਾਂਧੀ ਜੀ ਦੀ ਯਾਦ ਵਿੱਚ ਸਮਾਗਮ ਦੌਰਾਨ ਮਰਹੂਮ ਪ੍ਰਧਾਨ ਮੰਤਰੀ, ਭਾਰਤ ਰਤਨ "ਰਾਜੀਵ ਗਾਂਧੀ ਦੀ ਭਾਰਤ ਨੂੰ ਦੇਣ" ਵਿਸ਼ੇ 'ਤੇ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ.) ਇੰਚਾਰਜ ਹਿਮਾਚਲ ਪ੍ਰਦੇਸ਼ ਦੀ ਸਰਪ੍ਰਸਤੀ ਹੇਠ ਵਿਚਾਰਾਂ ਕੀਤੀਆਂ । ਜਿਸ ਵਿੱਚ ਸੀਨੀਅਰ ਨੇਤਾ (ਓ.ਬੀ.ਸੀ.) ਜਨਰਲ ਸਕੱਤਰ ਗੁਰਨਾਮ ਸਿੰਘ ਕਲੇਰ, ਵਰਿੰਦਰ ਭੱਲਾ ਪ੍ਰਧਾਨ ਜ਼ਿਲ੍ਹਾ ਕਾਂਗਰਸ (ਓ.ਬੀ.ਸੀ.), ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਮਾਸਟਰ ਹਰੀਦੇਵ ਬਾਵਾ, ਰਤਨੇਸ਼ ਸਿੰਘ ਵਾਈਸ ਪ੍ਰਧਾਨ, ਕੈਪਟਨ ਮਲਕੀਤ ਸਿੰਘ ਨੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਬੋਲਦੇ ਸ਼੍ਰੀ ਬਾਵਾ ਅਤੇ ਵੱਖ-ਵੱਖ ਬੁਲਾਰਿਆਂ ਨੇ ਰਾਜੀਵ ਗਾਂਧੀ ਜੀ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਕੇ ਭਾਰਤ ਨੂੰ ਦੁਨੀਆਂ ਦੇ ਮੋਹਰੀ ਦੇਸ਼ਾਂ ਦੀ ਕਤਾਰ ਵਿੱਚ ਖੜਾ ਕਰਨ ਲਈ ਕੀਤੀ ਮਿਹਨਤ ਅਤੇ ਦੂਰਅੰਦੇਸ਼ ਸੋਚ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਆਈ.ਓ.ਸੀ. ਦੇ ਪ੍ਰਧਾਨ ਸੈਮ ਪਟਰੋਂਦਾ ਦੀ ਅਗਵਾਈ ਵਿੱਚ ਇਤਿਹਾਸਕ ਫੈਸਲਾ ਲੈਂਦੇ ਹੋਏ ਉਹਨਾਂ ਭਾਰਤ ਵਿੱਚ ਕੰਪਿਊਟਰ ਯੁੱਗ ਦੀ ਸ਼ੁਰੂਆਤ ਕੀਤੀ ਜੋ ਅੱਜ ਕੰਪਿਊਟਰ ਅਤੇ ਹੱਥ ਵਿੱਚ ਮੋਬਾਇਲ ਫੋਨ ਹੈ, ਇਹ ਰਾਜੀਵ ਗਾਂਧੀ ਦੀ ਦੇਣ ਹੈ। ਉਹਨਾਂ ਕਿਹਾ ਕਿ ਰਾਜੀਵ ਗਾਂਧੀ ਨੇ ਹੀ ਪੰਚਾਇਤੀ ਰਾਜ ਨੂੰ ਹੇਠਲੇ ਪੱਧਰ ਤੋਂ ਮਜ਼ਬੂਤ ਕਰਕੇ ਭਾਰਤੀ ਲੋਕਤੰਤਰ ਦੀਆਂ ਜੜ੍ਹਾਂ ਮਜ਼ਬੂਤ ਕੀਤੀਆਂ। ਉਹਨਾਂ ਕਿਹਾ ਕਿ ਕਪੂਰਥਲਾ ਰੇਲ ਕੋਚ ਫੈਕਟਰੀ ਵੀ ਪੰਜਾਬ ਨੂੰ ਰਾਜੀਵ ਗਾਂਧੀ ਦੀ ਦੇਣ ਹੈ। ਉਹਨਾਂ ਕਿਹਾ ਕਿ ਰਾਜੀਵ ਗਾਂਧੀ ਜੀ ਦੀ ਵਿਦੇਸ਼ੀ ਪਾਲਸੀ ਇੰਨੀ ਸਾਰਥਕ ਸੀ ਕਿ ਭਾਰਤ ਦੁਨੀਆ ਦੇ ਅਗਾਂਹਵਧੂ ਦੇਸ਼ਾਂ ਦੀ ਕਤਾਰ ਵਿੱਚ ਖੜਾ ਹੋ ਗਿਆ।

# ਸਫ਼ਾਈ ਕਰਮਚਾਰੀਆਂ ਦੀ ਜਿੱਤ ਸੰਘਰਸ਼ ਦੀ ਜਿੱਤ – ਬਘਾਨੀਆਂ





**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਮਿਉਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਦੇ ਆਗੂਆਂ ਨੇ ਸਫਾਈ ਕਰਮਚਾਰੀਆਂ ਦੀ ਜਿੱਤ ਨੂੰ ਸੰਘਰਸ਼ ਦੀ ਜਿੱਤ ਕਰਾਰ ਦਿੱਤਾ ਹੈ।ਇਹ ਪ੍ਰਗਟਾਵਾ ਕਰਦੇ ਹੋਏ ਐਕਸ਼ਨ ਕਮੇਟੀ ਦੇ ਜਿਲਾ ਪ੍ਰਧਾਨ ਸੰਨੀ ਬਘਾਨੀਆਂ,ਦੀਪਕ ਖੋਸਲਾ ਅਤੇ ਸੂਰਜ ਖੋਸਲਾ ਨੇ ਕਿਹਾ ਹੈ ਕਿ ਸਰਕਾਰ ਨੇ ਇਸ ਸੰਘਰਸ਼ ਨੂੰ ਢਾਹ ਲਾਉਣ ਲਈ ਬਹੁਤ ਯਤਨ ਕੀਤੇ ਪਰ ਸਰਕਾਰ ਨੂੰ ਅਖੀਰ ਸੰਘਰਸ਼ ਅੱਗੇ ਝੁਕਦਿਆਂ ਮੰਗਾਂ ਮੰਨਣ ਲਈ ਮਜਬੂਰ ਹੋਣਾ ਪਿਆ। ਉਹਨਾਂ ਨੇ 16 ਦਿਨ ਲੰਮੀ ਹੜਤਾਲ ਵਿੱਚ ਅਡੋਲ ਰਹਿਣ ਲਈ ਵਰਕਰਾਂ ਦਾ ਧੰਨਵਾਦ ਕਰਦਿਆਂ ਭਰਾਤਰੀ ਜਥੇਬੰਦੀਆਂ ਵੱਲੋਂ ਦਿੱਤੇ ਸਾਥ ਦੀ ਵੀ ਸ਼ਲਾਘਾ ਕੀਤੀ ਹੈ।

for more news visit:
www.samajweekly.com

# ਹਲਕਾ ਗਿੱਲ ਦੇ ਪਿੰਡ ਬਹਾਦਰਕੇ ਦੀ ਪੰਚਾਇਤ ਆਪ 'ਚ ਹੋਈ ਸ਼ਾਮਲ

## ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਕਰਵਾਇਆ ਜੁਆਇੰਨ

**ਲੁਧਿਆਣਾ 21 ਮਈ (ਕਰਨੈਲ ਸਿੰਘ ਐੱਮ.ਏ.)** ਹਲਕਾ ਗਿੱਲ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਪਿੰਡ ਬਹਾਦਰ ਕੇ ਦੀ ਗ੍ਰਾਮ ਪੰਚਾਇਤ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ । ਇਸ ਮੌਕੇ ਬਹਾਦਰਕੇ ਪਿੰਡ ਦੇ ਮੁੱਖ ਸਰਪ੍ਰਸਤ ਦਲਜੀਤ ਸਿੰਘ ਚੱਠਾ, ਪਿੰਡ ਬਹਾਦਰਕੇ ਦੇ ਸਰਪੰਚ ਬਲਜੀਤ ਸਿੰਘ, ਪੰਚਾਇਤ ਮੈਂਬਰ ਪਰਵੀਨ, ਪੰਚ ਕਿਰਨਜੀਤ ਕੌਰ, ਪੰਚ ਬਚਨ ਕੌਰ, ਪੰਚ ਰਜੇਸ਼ ਕੁਮਾਰ, ਪੰਚ ਜਸਪਾਲ ਸਿੰਘ, ਪੰਚ ਸਨੀ ਚੀਮਾ, ਪੰਚ ਰਤਨਜੀਤ ਸਿੰਘ, ਪੰਚ ਅਮਨਦੀਪ ਸਿੰਘ ਅਤੇ ਪਿੰਡ ਦੇ ਹੋਰ ਪਤਵੰਤਿਆਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ । ਇਸ ਮੌਕੇ ਸਰਪ੍ਰਸਤ ਦਲਜੀਤ ਸਿੰਘ ਚੱਠਾ ਅਤੇ ਸਰਪੰਚ ਬਲਜੀਤ ਸਿੰਘ ਨੇ ਆਖਿਆ ਕਿ ਉਹ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੀਆਂ



ਵੱਖ-ਵੱਖ ਪਿੰਡਾਂ ਪ੍ਰਤੀ ਉਸਾਰੂ ਨੀਤੀਆਂ ਅਤੇ ਕਰਵਾਏ ਜਾ ਰਹੇ ਵਿਕਾਸ ਕੰਮਾਂ ਨੂੰ ਦੇਖਦਿਆਂ ਉਹਨਾਂ ਨੇ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ। ਇਸ ਮੌਕੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਪਿੰਡ ਬਹਾਦਰਕੇ ਦੀ ਪੰਚਾਇਤ ਦੀ ਆਮਦ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਆਖਿਆ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਜਾ ਰਹੇ ਵਿਕਾਸ ਕੰਮਾਂ ਨੂੰ ਦੇਖਦਿਆਂ ਦਿਨੋਂ-ਦਿਨ ਆਮ ਆਦਮੀ ਪਾਰਟੀ ਵੱਲ ਆ ਰਹੇ ਹਨ। ਉਹਨਾਂ ਆਖਿਆ ਪਿੰਡ ਬਹਾਦਰਕੇ ਦੀ ਪੰਚਾਇਤ ਨੂੰ ਜਿੱਥੇ ਆਮ ਆਦਮੀ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ, ਉਥੇ ਵੱਡੇ ਪੱਧਰ ਤੇ ਪਿੰਡ ਬਹਾਦਰਕੇ ਦਾ ਵਿਕਾਸ ਵੀ ਕੀਤਾ ਜਾਵੇਗਾ । ਇਸ ਮੌਕੇ ਜਸਵਿੰਦਰ ਸਿੰਘ ਜੱਸੀ, ਰਵੀ ਝਮਟ , ਜਗਰੂਪ ਸਿੰਘ ਜਰਖੜ , ਦਵਿੰਦਰਪਾਲ ਸਿੰਘ ਲਾਡੀ, ਸੁਖਦੇਵ ਸਿੰਘ ਡੇਹਲੋਂ, ਬਲਰਾਜ ਸਿੰਘ ਗਿੱਲ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸਾਹਿਬਜੀਤ ਸਿੰਘ ਸਾਬੀ ਜਰਖੜ ਚੇਅਰਮੈਨ ਬਲਾਕ ਸੰਮਤੀ, ਸੋਨੀ ਗਿੱਲ, ਗੁਰਦੀਪ ਸਿੰਘ ਪੱਦੀ, ਹਰਵਿੰਦਰ ਸਿੰਘ ਰਣੀਆ, ਗਗਨਦੀਪ ਸਿੰਘ ਕਾਲਖ, ਹਰਨੇਕ ਸਿੰਘ ਲਾਦੀਆਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਤੇ ਹੋਰ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 47ਵੀਂ ਆਲ ਓਵਰ ਚੈਂਪੀਅਨਸ਼ਿਪ ਟਰਾਫੀ ਫਸਟ ਪੰਜਾਬ ਰਾਜ ਬਿਜਲੀ ਬੋਰਡ ਨੇ ਜਿੱਤੀ

## ਕਬੱਡੀ ਖਿਡਾਰੀ ਮਨਦੀਪ ਮੰਡਿਆਲਾ ਦੇ ਛਿੜੇ ਫਿਰ ਚਰਚੇ

**ਮਹਿਤਪੁਰ, 21 ਮਈ (ਹਰਜਿੰਦਰ ਸਿੰਘ ਚੰਦੀ)–** ਪੰਜਾਬ ਦੀ ਧਰਤੀ ਦਾ ਜੰਮਪਲ ਅਤੇ ਪੰਜਾਬ ਰਾਜ ਬਿਜਲੀ ਬੋਰਡ ਦਾ ਧਾਕੜ ਕਬੱਡੀ ਖਿਡਾਰੀ ਮਨਦੀਪ ਸਿੰਘ ਮੰਡਿਆਲਾ ਇਕ ਵਾਰ ਫਿਰ ਸੁਰਖੀਆਂ ਬਟੋਰਦਾ ਨਜ਼ਰ ਆਇਆ। ਸਬ ਆਫਿਸ ਪਰਜੀਆ ਕਲਾ ਵਿਖੇ ਬਤੌਰ ਕਲੈਰੀਕਲ ਯੋਬ ਕਰਨ ਵਾਲਾ ਇਹ ਨੋਜਵਾਨ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਮਹਿਤਪੁਰ ਨਜ਼ਦੀਕ ਪਿੰਡ ਮੰਡਿਆਲਾ ਦਾ ਜੰਮਪਲ ਅਤੇ ਮਾਤਾ ਮਨਜੀਤ ਕੌਰ ਅਤੇ ਪਿਤਾ ਅਜੈਬ ਸਿੰਘ ਦਾ ਫਰਜ਼ੰਦ ਪੰਜਾਬ ਰਾਜ ਬਿਜਲੀ ਬੋਰਡ ਦਾ ਹੋਣਹਾਰ



ਕਰਮਚਾਰੀ ਅਤੇ ਉਘਾ ਕਬੱਡੀ ਖਿਡਾਰੀ ਮਨਦੀਪ ਸਿੰਘ (ਪੂਨੇ ) ਮਹਾਰਾਸ਼ਟਰ ਵਿਖੇ 47 ਵੇ ਆਲ ਇੰਡੀਆ ਕਬੱਡੀ ਟੂਰਨਾਮੈਂਟ ਦੀ ਟਰਾਫ਼ੀ ਫਸਟ ਜਿੱਤ ਕੇ ਪੰਜਾਬ



ਰਾਜ ਬਿਜਲੀ ਬੋਰਡ ਦੇ ਨਾਮ ਕੀਤੀ। ਯਾਦ ਰਹੇ ਕਿ ਇਹ ਕਬੱਡੀ ਟੂਰਨਾਮੈਂਟ ਮਹਾਰਾਸ਼ਟਰ (ਪੂਨਾ) ਵਿਚ 6,7,8 ਮਈ 2026 ਵਿਚ ਹੋਈਆਂ। ਇਸ ਮੌਕੇ ਜਿਥੇ ਉਘੇ ਕਬੱਡੀ ਖਿਡਾਰੀ ਮਨਦੀਪ ਸਿੰਘ ਅਤੇ ਟੂਰਨਾਮੈਂਟ ਵਿਚ ਭਾਗ ਲੈਣ



ਵਾਲੀ ਸਮੁਚੀ ਟੀਮ ਨੂੰ ਪੰਜਾਬ ਰਾਜ ਬਿਜਲੀ ਬੋਰਡ ਸਮੂਹ ਕਮੇਟੀ ਵੱਲੋਂ ਮੁਬਾਰਕਬਾਦ ਦਿੱਤੀ ਗਈ ਉਥੇ ਪੰਜਾਬ ਰਾਜ ਬਿਜਲੀ ਬੋਰਡ ਦੇ ਐਕਸੀਅਨ ਇੰਦਰਜੀਤ ਅਤੇ ਪਰਜੀਆ ਕਲਾ ਦੇ ਜੇ ਈ ਦਵਿੰਦਰ ਸਿੰਘ ਵੱਲੋਂ ਵੀ ਵਿਸ਼ੇਸ਼ ਤੌਰ ਤੇ ਮੁਬਾਰਕਾਂ ਦਿੱਤੀਆਂ ਇਸ ਮੌਕੇ ਅਧਿਕਾਰੀਆਂ ਨੇ ਕਿਹਾ ਕਿ ਮਨਦੀਪ ਸਿੰਘ ਸਾਡੇ ਮਹਿਕਮੇ ਦਾ ਹੋਣਹਾਰ ਕਰਮਚਾਰੀ ਹੀ ਨਹੀਂ ਕਬੱਡੀ ਦਾ ਬਹੁਤ ਵੱਡਾ ਖਿਡਾਰੀ ਹੈ ਮਨਦੀਪ ਸਿੰਘ ਨੇ ਆਪਣੇ ਮਾਤਾ ਦੇ ਨਾਲ ਸਾਡੇ ਮਹਿਕਮੇ ਅਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ। ਇਸ ਮੌਕੇ ਉਚੇਚੇ ਤੌਰ ਤੇ ਮਨਦੀਪ ਸਿੰਘ ਦੇ ਦੋਸਤਾਂ ਮਿੱਤਰਾਂ ਅਤੇ ਪ੍ਰਸ਼ੰਸਕਾਂ ਵੱਲੋਂ ਵੀ ਵਧਈਆ ਦਿੱਤੀਆਂ ਗਈਆਂ।

# ਭਾਜਪਾ ਦੇ ਟਕਸਾਲੀ ਆਗੂ ਸਵ: ਰਾਜੇਸ਼ ਕੁਮਾਰ ਰਿਸ਼ੀ ਨੂੰ ਭੇਂਟ ਕੀਤੀ ਰਾਜਨੀਤਿਕ, ਸਮਾਜਿਕ, ਵਪਾਰਿਕ ਅਤੇ ਧਾਰਮਿਕ ਸੰਗਠਨਾਂ ਦੇ ਪ੍ਰਤੀਨਿਧੀਆਂ ਨੇ ਸ਼ਰਧਾਂਜਲੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਭਾਜਪਾ ਦੇ ਟਕਸਾਲੀ ਆਗੂ ਸਵ: ਰਾਜੇਸ਼ ਕੁਮਾਰ ਰਿਸ਼ੀ ਜੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਅਤੇ ਰਸਮ ਪੱਗੜੀ ਮੌਕੇ ਰਾਜਨੀਤਿਕ, ਸਮਾਜਿਕ, ਵਪਾਰਿਕ ਅਤੇ ਧਾਰਮਿਕ ਸੰਗਠਨਾਂ ਦੇ ਪ੍ਰਤੀਨਿਧੀਆਂ ਨੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ। ਕਿਦਵਈ ਨਗਰ ਸਥਿਤ ਸ਼ਿਵ ਸ਼ਕਤੀ ਮੰਦਰ ਵਿਖੇ ਆਯੋਜਿਤ ਸ਼ੋਕ ਸਭਾ ਦੌਰਾਨ ਪਰਿਵਾਰ ਨਾਲ ਦੁੱਖ ਦੀ ਘੜੀ ਵਿੱਚ ਹਮਦਰਦੀ ਪ੍ਰਗਟ ਕਰਨ ਲਈ ਪੰਜਾਬ ਭਾਜਪਾ ਦੇ ਖ਼ਜ਼ਾਨਚੀ ਗੁਰਦੇਵ ਸ਼ਰਮਾ ਦੇਬੀ, ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ, ਵਿਧਾਇਕ ਅਸ਼ੋਕ ਪਰਾਸ਼ਰ



ਪੱਪੀ, ਦਿਨੇਸ਼ ਸਰਪਾਲ, ਚੌਧਰੀ ਯਸ਼ਪਾਲ, ਪਰਮਿੰਦਰ ਕਾਕਾ, ਗੁਰਦੀਪ ਸਿੰਘ ਨੀਟੂ, ਗੁਰਪ੍ਰੀਤ ਸਿੰਘ ਰਾਜੂ ਬਾਬਾ, ਦੀਪਕ ਜੌਹਰ, ਰਾਜੀਵ ਸ਼ਰਮਾ, ਹਿਮਾਂਸ਼ੂ ਕਾਲੜਾ, ਅਮਿਤ ਮਿੱਤਲ, ਸੰਜੇ ਖਟਕ, ਅਭਿਸ਼ੇਕ ਸ਼ਰਮਾ, ਅਸ਼ਵਨੀ ਟੰਡਨ, ਸੁਭਾਸ਼ ਭਾਟੀਆ, ਜਸਵੰਤ ਰਾਏ ਸਲਦੀ, ਰਵੀ ਬਾਹਰੀ, ਦੁਸ਼ਯੰਤ ਧਵਨ, ਨਿਤਿਨ ਬੱਤਰਾ, ਅੰਕਿਤ ਬੱਤਰਾ, ਰਵੀ ਬੱਤਰਾ, ਗੌਰਵਜੀਤ ਸਿੰਘ ਗੋਰਾ, ਸਿਮਰਨਜੀਤ ਸਿੰਘ ਸਿਮੂ, ਪੂਨਮ ਰਤੜਾ, ਮੁਕੇਸ਼ ਖੱਤਰੀ, ਅਮਿਤ



ਗੋਸਾਈਂ, ਅਮਰਜੀਤ ਸਿੰਘ ਬਿੱਟੂ, ਗਰੀਬ ਦਾਸ, ਸਤਨਾਮ ਸੇਠੀ, ਗੁਰਮੀਤ ਗੀਤਾ, ਵਿਜੇ ਖਟਕ, ਲਾਜਵਿੰਦਰ ਸਿੰਘ ਲਾਡੀ, ਲਲਿਤ ਚੌਹਾਨ, ਅਸ਼ੋਕ ਚੌਹਾਨ, ਕੇਵਲ ਕਿਸ਼ਨ ਬਾਲੀ, ਰਜਤ ਗੋਸਾਈਂ, ਰਾਜਿੰਦਰ ਬਮਨੀਆ, ਸ਼ਾਹਿਦ ਸ਼ੈਫੀ, ਅਨਿਲ ਝਾਅ ਸਮੇਤ ਹੋਰਾਂ ਨੇ ਵੀ ਰਿਸ਼ੀ ਜੀ ਦੇ ਸਪੁੱਤਰ ਰੋਹਿਤ ਕੁਮਾਰ ਨਾਲ ਦੁੱਖ ਸਾਂਝਾ ਕੀਤਾ।

# ਬੀਐੱਸਸੀ ਫੈਸ਼ਨ ਡਿਜ਼ਾਇਨਿੰਗ ਦੇ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ



**ਹੁਸ਼ਿਆਰਪੁਰ / ਮਾਹਿਲਪੁਰ 21 ਮਈ ( ਤਰਸੇਮ ਦੀਵਾਨਾ )** – ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚਲਦੇ ਕੋਰਸ ਬੀਐੱਸਸੀ ਫੈਸ਼ਨ ਡਿਜ਼ਾਇਨਿੰਗ ਦੇ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਮੁਖੀ ਪ੍ਰੋ ਰਾਜਵਿੰਦਰ ਕੌਰ ਨੇ ਦੱਸਿਆ ਕਿ ਬੀਐੱਸਸੀ ਫੈਸ਼ਨ ਡਿਜ਼ਾਇਨਿੰਗ ਦੇ ਤੀਜਾ ਸਮੈਸਟਰ ਦੇ ਨਤੀਜੇ ਵਿੱਚ ਵਿਦਿਆਰਥਣ ਅਰਸ਼ਦੀਪ ਕੌਰ ਅਤੇ ਮਨਪ੍ਰੀਤ ਕੌਰ ਨੇ 93.3 ਫੀਸਦੀ ਬਰਾਬਰ ਅੰਕ ਪ੍ਰਾਪਤ ਕਰਕੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਨੇਹਾ ਨੇ 92 ਫੀਸਦੀ ਅੰਕਾਂ ਨਾਲ ਦੂਜਾ ਅਤੇ ਵਿਦਿਆਰਥਣ ਜਸਪਿੰਦਰ ਕੌਰ ਅਤੇ ਪ੍ਰੀਤਿਕਾ ਨੇ 91 ਫੀਸਦੀ ਅੰਕ ਬਰਾਬਰ ਹਾਸਲ ਕਰਕੇ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਸਮੈਸਟਰ ਦੇ ਹੋਰ ਵਿਦਿਆਰਥੀ ਵੀ ਚੰਗੇ ਅੰਕ ਲੈ ਕੇ ਪਾਸ ਹੋਏ ਹਨ। ਇਸ ਦੌਰਾਨ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਚੰਗੇ ਨਤੀਜੇ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਹੋਰ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ।

**ਫੋਟੋ ਅਜਮੇਰ ਦੀਵਾਨਾ**

# ਕੈਨੇਡਾ ਭੇਜਣ ਦੇ ਨਾਂ 'ਤੇ ਲੱਖਾਂ ਦੀ ਠੱਗੀ ਕੁੜੀ ਦੀ ਭੇਤਭਰੀ ਹਾਲਤ ਵਿੱਚ ਮੌਤ

## ਅਦਾਲਤ ਵੱਲੋਂ ਐਫ.ਆਈ.ਆਰ. (FIR) ਦਰਜ ਕਰਨ ਦੇ ਹੁਕਮ

**ਹੁਸ਼ਿਆਰਪੁਰ 21 ਮਈ ( ਤਰਸੇਮ ਦੀਵਾਨਾ )** – ਜਲੰਧਰ ਦੀ ਇੱਕ ਅਦਾਲਤ ਨੇ ਪੁਲਿਸ ਥਾਣਾ ਰਾਮਾ ਮੰਡੀ ਨੂੰ ਕੈਨੇਡਾ ਭੇਜਣ ਦੇ ਨਾਂ 'ਤੇ 5 ਲੱਖ ਰੁਪਏ ਦੀ ਠੱਗੀ ਮਾਰਨ ਅਤੇ ਇੱਕ ਲੜਕੀ ਨੂੰ ਖ਼ੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿੱਚ ਦੋ ਮੁਲਜ਼ਮਾਂ ਖਿਲਾਫ਼ ਐਫ.ਆਈ.ਆਰ. (ਢ੍ਰੀ) ਦਰਜ ਕਰਕੇ ਕਾਨੂੰਨੀ ਕਾਰਵਾਈ ਕਰਨ ਦੇ ਸਖ਼ਤ ਹੁਕਮ ਦਿੱਤੇ ਹਨ। ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ (ਰਾਮ ਪਾਲ) ਦੀ ਅਦਾਲਤ ਨੇ ਇਹ ਫ਼ੈਸਲਾ ਬਹਾਦਰ ਸਿੰਘ ਨਾਂ ਦੇ ਵਿਅਕਤੀ ਵੱਲੋਂ ਦਾਇਰ ਕੀਤੀ ਗਈ ਅਰਜ਼ੀ 'ਤੇ ਸੁਣਵਾਈ ਕਰਦਿਆਂ ਸੁਣਾਇਆ।

**ਕੀ ਹੈ ਪੂਰਾ ਮਾਮਲਾ?**

ਸ਼ਿਕਾਇਤਕਰਤਾ ਮੁਤਾਬਕ ਉਹ ਆਪਣੀ ਧੀ ਹਰਜੀਤ ਕੌਰ ਨੂੰ ਕੈਨੇਡਾ ਭੇਜਣਾ ਚਾਹੁੰਦਾ ਸੀ। ਇਸ ਦੌਰਾਨ ਮੁਲਜ਼ਮ ਜਸਵਿੰਦਰ ਸਿੰਘ (ਮੁਲਜ਼ਮ ਨੰਬਰ 2) ਨੇ ਉਸਦੀ ਮੁਲਾਕਾਤ ਵਿੱਚ ਇੱਕ ਰਿਸ਼ਤੇਦਾਰ ਬਿਅੰਤ ਸਿੰਘ ਗ੍ਰੇਵਾਲ (ਮੁਲਜ਼ਮ ਨੰਬਰ 1) ਨਾਲ ਕਰਵਾਈ, ਜੋ ਕਿ ਵਿਦੇਸ਼ ਤੋਂ ਆਇਆ ਹੋਇਆ ਸੀ। ਮੁਲਜ਼ਮਾਂ ਨੇ ਲੜਕੀ ਨੂੰ ਕੈਨੇਡਾ ਲੈ ਕੇ ਜਾਣ ਦਾ ਭਰੋਸਾ ਦਿੱਤਾ ਅਤੇ 8 ਲੱਖ ਰੁਪਏ ਦੀ ਮੰਗ ਕੀਤੀ, ਜਿਸ ਵਿੱਚੋਂ ਸ਼ਿਕਾਇਤ ਕਰਤਾ ਨੇ 5 ਲੱਖ ਰੁਪਏ ਨਕਦ ਦੇ ਦਿੱਤੇ।

27 ਸਤੰਬਰ 2020 ਨੂੰ ਮੁਲਜ਼ਮ ਬਿਅੰਤ ਸਿੰਘ ਲੜਕੀ ਨੂੰ ਮੁੰਬਈ ਤੋਂ ਫਲਾਈਟ ਹੋਣ ਦਾ ਬਹਾਨਾ ਬਣਾ ਕੇ ਦਿੱਲੀ ਲਈ ਬੱਸ ਵਿੱਚ ਆਪਣੇ ਨਾਲ ਲੈ ਗਿਆ। ਇਸ ਤੋਂ ਬਾਅਦ ਮੁਲਜ਼ਮ ਲਗਾਤਾਰ ਫੋਨ 'ਤੇ ਅਜਿਹਾ ਦਿਖਾਵਾ ਕਰਦਾ ਰਿਹਾ ਜਿਵੇਂ ਉਹ ਦੋਵੇਂ ਕੈਨੇਡਾ ਵਿੱਚ ਰਹਿ ਰਹੇ ਹੋਣ, ਜਦਕਿ ਉਹ ਅਸਲ ਵਿੱਚ ਜਲੰਧਰ ਵਿਖੇ ਕਿਰ–ਾਏ ਦੇ ਮਕਾਨ ਵਿੱਚ ਰਹਿ ਰਹੇ ਸਨ ਅਤੇ ਉਸਨੇ ਲੜਕੀ ਨਾਲ ਵਿਆਹ ਕਰ ਲਿਆ ਸੀ। ਕੁਝ ਸਮੇਂ ਬਾਅਦ ਮੁਲਜ਼ਮ ਨੇ ਫੋਨ ਚੁੱਕਣਾ ਬੰਦ ਕਰ ਦਿੱਤਾ।

**ਹਾਈਕੋਰਟ ਪਹੁੰਚਣ 'ਤੇ ਹੋਇਆ ਮੌਤ ਦਾ ਖ਼ੁਲਾਸਾ**

ਜਦੋਂ ਕੁੜੀ ਦਾ ਕੋਈ ਪਤਾ – ਥੋਹ ਨਹੀਂ ਲੱਗਿਆ ਤਾਂ ਪੀੜਤ ਪਰਿਵਾਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਰਿੱਟ ਪਟੀਸ਼ਨ ਦਾਇਰ ਕੀਤੀ। ਹਾਈਕੋਰਟ ਵਿੱਚ ਸੁਣਵਾਈ ਦੌਰਾਨ ਪਤਾ ਲੱਗਿਆ ਕਿ ਹਰਜੀਤ ਕੌਰ ਦੀ ਤਾਂ 25 ਜੂਨ 2021 ਨੂੰ ਹੀ ਮੌਤ ਹੋ ਚੁੱਕੀ ਸੀ ਅਤੇ ਥਾਣਾ ਰਾਮਾ ਮੰਡੀ ਵਿਖੇ ਇਸ ਸਬੰਧੀ ਰਿਪੋਰਟ (GD No. 42) ਦਰਜ ਸੀ। ਪੁਲਿਸ ਨੇ ਲੜਕੀ ਦੀ ਲਾਸ਼ ਨੂੰ ਲਵਾਰਿਸ ਮੰਨ ਕੇ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਸੰਸਕਾਰ ਕਰ ਦਿੱਤਾ ਸੀ, ਕਿਉਂਕਿ 72 ਘੰਟੇ ਤੱਕ ਕੋਈ ਵਾਰਿਸ ਸਾਹਮਣੇ ਨਹੀਂ ਆਇਆ ਸੀ।

**ਪੁਲਿਸ ਦੀ ਕਾਰਵਾਈ 'ਤੇ ਉੱਠੇ ਸਵਾਲ**

ਸ਼ਿਕਾਇਤਕਰਤਾ ਦਾ ਦੋਸ਼ ਹੈ ਕਿ ਪੁਲਿਸ ਨੇ ਮੁਲਜ਼ਮਾਂ ਨੂੰ ਬਚਾਉਣ ਲਈ ਜਾਣਬੁੱਝ ਕੇ ਉਨ੍ਹਾਂ ਨਾਲ ਸੰਪਰਕ ਨਹੀਂ ਕੀਤਾ, ਜਦਕਿ ਮ੍ਰਿਤਕਾ ਦੇ ਆਧਾਰ ਕਾਰਡ 'ਤੇ ਪਰਿਵਾਰ ਦਾ ਮੋਬਾਈਲ ਨੰਬਰ ਮੌਜੂਦ ਸੀ। ਇਸ ਤੋਂ ਇਲਾਵਾ, ਮਕਾਨ ਮਾਲਕ ਬਲਕਾਰ ਸਿੰਘ ਨੇ ਬਿਆਨ ਦਿੱਤਾ ਸੀ ਕਿ ਉਸਨੇ ਰਾਤ ਦੇ ਹਨੇਰੇ ਵਿੱਚ ਟਾਰਚ ਦੀ ਰੋਸ਼ਨੀ ਨਾਲ ਕਮਰੇ ਅੰਦਰ ਝਾਤੀ ਮਾਰ ਕੇ ਲੜਕੀ ਦੀ ਲਾਸ਼ ਪੱਖੇ ਨਾਲ ਲਟਕਦੀ ਦੇਖੀ ਸੀ, ਜਿਸ ਨੂੰ ਅਦਾਲਤ ਨੇ ਵੀ ਸ਼ੱਕੀ ਮੰਨਿਆ ਕਿ ਰਾਤ ਵੇਲੇ ਮਕਾਨ ਮਾਲਕ ਵੱਲੋਂ ਕਿਰਾਏਦਾਰਾਂ ਦੇ ਕਮਰੇ ਦੀ ਚੈਕਿੰਗ ਕਿਉਂ ਕੀਤੀ ਜਾ ਰਹੀ ਸੀ। ਘਟਨਾ ਤੋਂ ਬਾਅਦ ਮੁਲਜ਼ਮ ਬਿਅੰਤ ਸਿੰਘ ਨੇ ਪੁਲਿਸ ਦਾ ਫੋਨ ਸਿਰਫ਼ ਇੱਕ ਵਾਰ ਚੁੱਕਿਆ ਅਤੇ ਫਿਰ ਆਪਣਾ ਮੋਬਾਈਲ ਪੱਕੇ ਤੌਰ 'ਤੇ ਬੰਦ ਕਰ ਦਿੱਤਾ, ਜਿਸ 'ਤੇ ਪੁਲਿਸ ਨੇ ਕੋਈ ਅਗਲੀ ਜਾਂਚ ਨਹੀਂ ਕੀਤੀ।

**ਅਦਾਲਤ ਦਾ ਫ਼ੈਸਲਾ**

ਅਦਾਲਤ ਨੇ ਪੋਸਟਮਾਰਟਮ ਦੀ ਰਿਪੋਰਟ (ਜਿਸ ਵਿੱਚ ਮੌਤ ਦਾ ਕਾਰਨ ਫਾਹਾ ਲੈਣ ਕਾਰਨ ਦਮ ਘੁੱਟਣਾ ਦੱਸਿਆ ਗਿਆ ਹੈ) ਅਤੇ ਸਾਰੇ ਤੱਥਾਂ ਨੂੰ ਦੇਖਦਿਆਂ ਇਹ ਪਾਇਆ ਕਿ ਭਾਵੇਂ ਸਰੀਰ 'ਤੇ ਕੁੱਟਮਾਰ ਦੇ ਸਿੱਧੇ ਨਿਸ਼ਾਨ ਨਹੀਂ ਹਨ, ਪਰ ਮੁਲਜ਼ਮ ਬਿਅੰਤ ਸਿੰਘ ਨੇ ਲੜਕੀ ਨੂੰ ਖ਼ੁਦਕੁਸ਼ੀ ਲਈ ਮਜਬੂਰ (ਉਕਸਾਇਆ) ਕੀਤਾ ਹੈ। ਅਦਾਲਤ ਨੇ ਪੁਲਿਸ ਵੱਲੋਂ ਮਾਮਲੇ ਨੂੰ ਲਟਕਾਉਣ 'ਤੇ ਸਖ਼ਤ ਰੁਖ਼ ਅਪਣਾਉਂਦੇ ਹੋਏ ਥਾਣਾ ਰਾਮਾ ਮੰਡੀ ਦੇ ਐਸ.ਐਚ.ਓ. ਨੂੰ ਨਿਰਦੇਸ਼ ਦਿੱਤੇ ਹਨ ਕਿ ਮੁਲਜ਼ਮ ਬਿਅੰਤ ਸਿੰਘ ਅਤੇ ਜਸਵਿੰਦਰ ਸਿੰਘ ਖਿਲਾਫ਼ ਭਾਰਤੀ ਨਿਆਏ ਸੰਹਿਤਾ (ਭੰਸ਼) ਦੀ ਧਾਰਾ 318 (ਠੱਗੀ) ਅਤੇ ਧਾਰਾ 108 (ਖ਼ੁਦਕੁਸ਼ੀ ਲਈ ਉਕ–ਸਾਉਣਾ) ਤਹਿਤ ਤੁਰੰਤ ਮਾਮਲਾ ਦਰਜ ਕਰਕੇ ਕਾਨੂੰਨ ਮੁਤਾਬਕ ਜਾਂਚ ਕੀਤੀ ਜਾਵੇ।

# ਵਿਦੇਸ਼ੀ ਨੰਬਰਾਂ ਤੋਂ ਆ ਰਹੀਆਂ ਧਮਕੀਆਂ ਸਬੰਧੀ ਨਿਸ਼ਾਤ ਸ਼ਰਮਾ ਨੇ ਡੀਆਈਜੀ ਨੂੰ ਲਿਖਤੀ ਦਿੱਤੀ ਸ਼ਿਕਾਇਤ

**ਹੁਸ਼ਿਆਰਪੁਰ 21 ਮਈ ( ਤਰਸੇਮ ਦੀਵਾਨਾ )** – ਡੀ.ਆਈ.ਜੀ ਰੋਪੜ ਰੇਂਜ ਮੋਹਾਲੀ ਨੂੰ ਇਕ ਲਿਖਤੀ ਸ਼ਿਕਾਇਤ ਦੇ ਕੇ ਪਿਛਲੇ ਕੁਝ ਸਮੇਂ ਤੋਂ ਵਿਦੇਸ਼ੀ ਅਤੇ ਲੋਕਲ ਨੰਬਰਾਂ ਤੋਂ ਆ ਰਹੀਆਂ ਜਾਨੋਂ ਮਾਰਨ ਦੀਆਂ ਧਮਕੀਆਂ ਬਾਰੇ ਜਾਣੂ ਕਰਵਾਇਆ ਗਿਆ।

ਇਸ ਸਬੰਧੀ ਨਿਸ਼ਾਂਤ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੇ ਮੋਬਾਈਲ ਨੰਬਰ ‘ਤੇ ਲਗਾਤਾਰ ਵਟਸਐਪ ਕਾਲਾਂ ਅਤੇ ਨਾਰਮਲ ਕਾਲਾਂ ਆ ਰਹੀਆਂ ਹਨ। ਇੱਕ ਵਿਦੇਸ਼ੀ ਨੰਬਰ +923295589738 ਤੋਂ ਆਈ ਕਾਲ ਵਿੱਚ ਕਾਲ ਕਰਨ ਵਾਲੇ ਵਿਅਕਤੀ ਨੇ ਆਪਣੇ ਆਪ ਨੂੰ ਗੈਂਗਸਟਰ ਗੋਲਡੀ ਬਰਾੜ ਦੱਸਿਆ ਅਤੇ ਕਿਹਾ ਕਿ ਉਸ ਨੂੰ ਪੂਰੀ ਜਾਣਕਾਰੀ ਹੈ ਕਿ ਨਿਸ਼ਾਂਤ ਸ਼ਰਮਾ ਗੁਲਮੋਹਰ ਸਿਟੀ ਵਿੱਚ ਕਿੱਥੇ ਰਹਿੰਦੇ ਹਨ ਅਤੇ ਮੰਦਰ ਕਦੋਂ ਤੇ ਕਿੰਨੇ ਵਜੇ ਜਾਂਦਾ ਹੈ । ਧਮਕੀ ਦੇਣ ਵਾਲੇ ਨੇ ਕਿਹਾ ਕਿ ਉਹ ਨਿਸ਼ਾਂਤ ਸ਼ਰਮਾ ਅਤੇ ਉਨ੍ਹਾਂ ਦੇ ਸੁਰੱਖਿਆ ਕਰਮੀਆਂ ਨੂੰ ਹੈਂਡ ਗ੍ਰਨੇਡ ਨਾਲ ਉਡਾ ਦੇਵੇਗਾ ਅਤੇ ਉਨ੍ਹਾਂ ਦੇ ਸਾਥੀਆਂ ਖੁਸ਼ਪ੍ਰੀਤ ਲਾਡੀ ਅਤੇ ਸੂਦ ਨੂੰ ਵੀ ਨਾਲ ਹੀ ਖਤਮ ਕਰ ਦੇਵੇਗਾ।



ਇਸ ਤੋਂ ਇਲਾਵਾ ਇੱਕ ਹੋਰ ਨੰਬਰ +447347934534 ਤੋਂ ਆਈ ਕਾਲ ਵਿੱਚ ਵਿਅਕਤੀ ਨੇ ਆਪਣਾ ਨਾਮ ਰਣਦੀਪ ਮਲਿਕ ਦੱਸਦੇ ਹੋਏ ਕਿਹਾ ਕਿ ਉਹ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਬੋਲ ਰਿਹਾ ਹੈ ਅਤੇ ਉਸ ਨੇ ਨਿਸ਼ਾਂਤ ਸ਼ਰਮਾ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ। ਨਾਲ ਹੀ ਵਟਸਐਪ ‘ਤੇ ਧਮਕੀ ਭਰੇ ਮੈਸੇਜ ਵੀ ਭੇਜੇ ਗਏ, ਜਿਨ੍ਹਾਂ ਦੇ ਸਕ੍ਰੀਨਸ਼ਾਟ ਪੁਲਿਸ ਪ੍ਰਸ਼ਾਸਨ ਨੂੰ ਸੌਂਪ ਦਿੱਤੇ ਗਏ ਹਨ।

ਨਿਸ਼ਾਂਤ ਸ਼ਰਮਾ ਨੇ ਦੱਸਿਆ ਕਿ ਉਕਤ ਸ਼ਿਕਾਇਤ ਦੇਣ ਤੋਂ ਬਾਅਦ ਵੀ ਉਨ੍ਹਾਂ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਜਦੋਂ ਉਹ ਹਰਿਆਣਾ ਜਾ ਰਹੇ ਸਨ ਤਾਂ ਉਸ ਦੌਰਾਨ ਉਨ੍ਹਾਂ ਨੂੰ ਵੀਡੀਓ ਕਾਲ ‘ਤੇ ਹਰਿੰਦਰ ਰਿੰਦਾ ਗੈਂਗ ਦੇ ਨਾਮ ‘ਤੇ ਧਮਕੀ ਦਿੱਤੀ ਗਈ। ਵੀਡੀਓ ਕਾਲ ਕਰਨ ਵਾਲੇ ਵਿਅਕਤੀ ਨੇ ਕਿਹਾ ਕਿ “ਤੂੰ ਗੈਂਗਸਟਰਾਂ ਦੇ ਖਿਲਾਫ ਬੋਲਦਾ ਹੈਂ, ਇਸ ਲਈ ਤੈਨੂੰ ਅਤੇ ਤੇਰੇ ਪਰਿਵਾਰ ਨੂੰ ਮਰਵਾ ਦੇਵਾਂਗੇ, ਪਰਿਵਾਰ ਸਮੇਤ ਉਡਾ ਦੇਵਾਂਗੇ।” ਇਸ ਦੌਰਾਨ ਗਾਲੀ–ਗਲੋਚ ਕਰਦੇ ਹੋਏ ਲਗਾਤਾਰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇਸ ਸੰਬੰਧੀ ਸ਼ਿਕਾਇਤ ਵੀ ਪੁਲਿਸ ਪ੍ਰਸ਼ਾਸਨ ਨੂੰ ਸੌਂਪ ਦਿੱਤੀ ਗਈ ਹੈ।

ਇਸ ਮਾਮਲੇ ਵਿੱਚ ਡੀ.ਆਈ.ਜੀ ਰੋਪੜ ਰੇਂਜ ਮੋਹਾਲੀ ਨੂੰ ਪੂਰੀ ਜਾਣਕਾਰੀ ਅਤੇ ਸਬੂਤ ਸੌਂਪੇ ਗਏ ਹਨ। ਪੁਲਿਸ ਪ੍ਰਸ਼ਾਸਨ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਲਦ ਸਖ਼ਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਨਿਸ਼ਾਂਤ ਸ਼ਰਮਾ ਨੇ ਕਿਹਾ ਕਿ ਉਹ ਅਜਿਹੀਆਂ ਧਮਕੀਆਂ ਤੋਂ ਡਰਨ ਵਾਲਾ ਨਹੀਂ ਹੈ । ਉਨ੍ਹਾਂ ਕਿਹਾ ਕਿ ਰਾਸ਼ਟਰਹਿਤ, ਸਨਾਤਨ ਧਰਮ ਦੀ ਰੱਖਿਆ, ਗੌ ਮਾਤਾ ਦੀ ਸੇਵਾ ਅਤੇ ਸਮਾਜ ਸੇਵਾ ਦੇ ਕੰਮ ਉਹ ਪਹਿਲਾਂ ਵੀ ਕਰਦਾ ਰਿਹਾ ਹੈ ਅਤੇ ਅੱਗੇ ਵੀ ਕਰਦਾ ਰਹੇਗਾ । ਉਨ੍ਹਾਂ ਕਿਹਾ ਕਿ ਦੇਸ਼ ਵਿਰੋਧੀ ਅਤੇ ਸਮਾਜ ਵਿਰੋਧੀ ਤਾਕਤਾਂ ਦੇ ਦਬਾਅ ਹੇਠ ਉਹ ਕਦੇ ਪਿੱਛੇ ਨਹੀਂ ਹਟਣਗੇ ਅਤੇ ਉਨ੍ਹਾਂ ਨੂੰ ਕਾਨੂੰਨ ਅਤੇ ਪ੍ਰਸ਼ਾਸਨ ‘ਤੇ ਪੂਰਾ ਭਰੋਸਾ ਹੈ।

**ਫੋਟੋ ਅਜਮੇਰ ਦੀਵਾਨਾ**

# ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਫ਼ਿਜ਼ੂਲਖਰਚੀ ਅਤੇ ਮੋਬਾਇਲ ਫੋਨਾ ਤੋਂ ਦੂਰ ਰਹਿਣਾ ਚਾਹੀਦਾ ਹੈ : ਧਰਮਪਾਲ ਸਾਹਨੇਵਾਲ

## ਗੁਰਪ੍ਰਸ਼ਾਦ ਸਿੰਘ ਖਾਮ ਬੇਗਮਪੁਰਾ ਟਾਈਗਰ ਫੋਰਸ ਦੇ ਬਲਾਕ ਪ੍ਰਧਾਨ ਅਤੇ ਮੀਡੀਆ ਇੰਚਾਰਜ ਨਿਯੁਕਤ

**ਹੁਸ਼ਿਆਰਪੁਰ /ਮਾਛੀਵਾੜਾ 21 ਮਈ ( ਤਰਸੇਮ ਦੀਵਾਨਾ )** – ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ–ਨਿਰਦੇਸ਼ਾਂ ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਭਰਵੀਂ ਅਤੇ ਉਤਸ਼ਾਹਪੂਰਨ ਮੀਟਿੰਗ ਪਿੰਡ ਮਾਛੀਵਾੜਾ ਖਾਮ, ਹਲਕਾ ਸਮਰਾਲਾ ਵਿਖੇ ਹੋਈ । ਮੀਟਿੰਗ ਵਿੱਚ ਇਲਾਕੇ ਦੇ ਨੌਜਵਾਨਾ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ । ਮੀਟਿੰਗ ਦੌਰਾਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਹਾਨ ਜੀਵਨ, ਉਪਦੇਸ਼ਾਂ ਅਤੇ "ਬੇਗਮਪੁਰਾ ਸਹਰ ਕੋ ਨਾਉ" ਦੇ ਸਿਧਾਂਤਾਂ ਬਾਰੇ ਵਿਸਥਾਰ ਨਾਲ ਵਿਚਾਰ–ਵਟਾਂਦਰਾ ਕੀਤਾ ਗਿਆ ਅਤੇ ਇਸਦੇ ਨਾਲ ਹੀ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਵੱਲੋਂ ਸਮਾਜ ਨੂੰ ਦਿੱਤੇ ਗਏ ਸੰਵਿਧਾਨਕ ਹੱਕਾਂ ਅਤੇ ਸਮਾਜਿਕ ਬਰਾਬਰੀ ਲਈ ਉਨ੍ਹਾਂ ਦੇ ਯੋਗਦਾਨ ਬਾਰੇ ਵੀ ਨੌਜਵਾਨਾਂ ਨੂੰ ਜਾਣੂ ਕਰਵਾਇਆ ਗਿਆ।

ਇਸ ਮੌਕੇ ਬੇਗਮ–ਪੁਰਾ ਟਾਈਗਰ ਫੋਰਸ ਦੀ ਨਵੀਂ ਯੂਨਿਟ ਦਾ ਗਠਨ ਕਰਦੇ ਹੋਏ ਗੁਰਪ੍ਰਸ਼ਾਦ ਸਿੰਘ ਨੂੰ ਬਲਾਕ ਮਾਛੀਵਾੜਾ ਤੋਂ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਸੁਰਿੰਦਰ ਪਾਲ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਸਕੱਤਰ ਅਤੇ ਮਨਪ੍ਰੀਤ ਸਿੰਘ ਬਾਵਾ ਨੂੰ ਸਹਿ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ ਅਤੇ ਚੰਚਲ ਸਿੰਘ, ਅਸ਼ੋਕ ਕੁਮਾਰ, ਵਿਕੀ ਰਾਮ, ਸੋਮ ਨਾਥ, ਕਮਲਜੀਤ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਬੇਗਮਪੁਰਾ ਟਾਈਗਰ ਫੋਰਸ ਦੇ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵੀਂ ਟੀਮ ਦੇ ਅਹੁਦੇਦਾਰਾਂ ਨੇ ਸੰਸਥਾ ਦੀ ਮਜ਼ਬੂਤੀ, ਸਮਾਜਿਕ ਏਕਤਾ ਅਤੇ ਗੁਰੂ ਘਰ ਦੇ ਸਿਧਾਂਤਾਂ ਨੂੰ ਘਰ–ਘਰ ਤੱਕ ਪਹੁੰਚਾਉਣ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ। ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਪ੍ਰਧਾਨ ਧਰਮਪਾਲ ਸਾਹ–ਨੇਵਾਲ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਮਾਜ ਦੀ ਅਸਲ ਤਾਕਤ ਉਸਦੀ ਏਕਤਾ, ਸਿੱਖਿਆ ਅਤੇ ਜਾਗਰੂਕਤਾ ਵਿੱਚ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ, ਫ਼ਿਜ਼ੂਲਖਰਚੀ ਅਤੇ ਮੋਬਾਇਲ ਫੋਨਾਂ ਦੀ ਗਲਤ ਵਰਤੋਂ ਤੋਂ ਦੂਰ ਰਹਿਣ ਦੀ ਲੋੜ ਹੈ, ਕਿਉਂਕਿ ਮੋਬਾਇਲ ਦਾ ਵੱਧ ਰਿਹਾ ਦੁਰਪਯੋਗ ਨੌਜਵਾਨਾਂ ਨੂੰ ਸਮਾਜਿਕ ਅਤੇ ਨੈਤਿਕ ਗਿਰ–ਾਵਟ ਵੱਲ ਧੱਕ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਆਪਣਾ ਕੀਮਤੀ ਸਮਾਂ ਸਿੱਖਿਆ, ਸਮਾਜਿਕ ਸੇਵਾ ਅਤੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਵਧਾਉਣ ਵਿੱਚ ਲਗਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਨੁੱਖਤਾ, ਬਰਾਬਰੀ ਅਤੇ ਭਾਈਚਾਰਕ ਸਾਂਝ ਵਾਲੀ ਸੋਚ ਨੂੰ ਘਰ–ਘਰ ਤੱਕ ਪਹੁੰਚਾਉਣ ਲਈ ਲਗਾਤਾਰ ਕੰਮ ਕਰਦੀ ਆਈ ਹੈ ਤੇ ਕਰਦੀ ਰਹੇਗੀ।



ਉਹਨਾਂ ਕਿਹਾ ਕਿ ਸਮਾਜ ਵਿੱਚ ਫੈਲ ਰਹੀ ਜਾਤੀਵਾਦ, ਧੱਕੇਸ਼ਾਹੀ ਅਤੇ ਗਰੀਬ ਲੋਕਾਂ ਨਾਲ ਹੋ ਰਹੇ ਅਨਿਆਇ ਦੇ ਖ਼ਿਲਾਫ਼ ਇਕੱਠੇ ਹੋ ਕੇ ਆਵਾਜ਼ ਉਠਾਉਣੀ ਸਮੇਂ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਹਰ ਉਸ ਵਿਅਕਤੀ ਦੇ ਨਾਲ ਖੜ੍ਹੀ ਰਹੇਗੀ ਜਿਸ ਨਾਲ ਕਿਸੇ ਵੀ ਪੱਧਰ 'ਤੇ ਧੱਕਾ, ਭੇਦਭਾਵ ਜਾਂ ਅਨਿਆਇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਆਪਸੀ ਭਾਈਚਾਰਾ, ਪਿਆਰ ਅਤੇ ਇਨਸਾਨੀਅਤ ਨੂੰ ਮਜ਼ਬੂਤ ਕਰਕੇ ਹੀ ਇੱਕ ਮਜ਼ਬੂਤ ਅਤੇ ਜਾਗਰੂਕ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਫੋਰਸ ਦੇ ਵਾਇਸ ਚੇਅਰਮੈਨ ਕ੍ਰਿਸ਼ਨ ਲਾਲ ਨੇ ਕਿਹਾ ਕਿ ਸਮਾਜ ਵਿੱਚ ਤਰੱਕੀ ਤਦੋਂ ਹੀ ਸੰਭਵ ਹੈ ਜਦੋਂ ਲੋਕ ਤੱਕ ਲੋਕ ਆਪਣੇ ਫਰਜ਼ਾਂ ਅਤੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣਗੇ । ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸੋਸ਼ਲ ਬੁਰਾਈਆਂ, ਵਿਵਾਦਾਂ ਅਤੇ ਨਫ਼ਰਤ ਦੀ ਰਾਜਨੀਤੀ ਤੋਂ ਦੂਰ ਰਹਿ ਕੇ ਸਮਾਜਿਕ ਭਲਾਈ ਦੇ ਕੰਮਾਂ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਹਮੇਸ਼ਾ ਲੋੜਵੰਦ, ਪੀੜਤ ਅਤੇ ਹੱਕ ਤੋਂ ਵੰਚਿਤ ਲੋਕਾਂ ਦੀ ਮਦਦ ਲਈ ਅੱਗੇ ਰਹੇਗੀ ਅਤੇ ਕਾਨੂੰਨੀ ਤੌਰ 'ਤੇ ਇਨਸਾਫ ਦਵਾਉਣ ਲਈ ਸੰਘਰਸ਼ ਕਰਦੀ ਰਹੇਗੀ।

ਇਸ ਮੌਕੇ ਨਵ–ਨਿਯੁਕਤ ਬਲਾਕ ਪ੍ਰਧਾਨ ਗੁਰਪ੍ਰਸ਼ਾਦ ਸਿੰਘ ਨੇ ਕਿਹਾ, ਕਿ ਬੇਗਮਪੁਰਾ ਟਾਈਗਰ ਫੋਰਸ ਦੀ ਸਮੁੱਚੀ ਟੀਮ ਅਤੇ ਫੋਰਸ ਦੇ ਪ੍ਰੋਟੋਕਾਲ ਅਨੁਸਾਰ ਇਲਾਕੇ ਵਿੱਚ ਕਿਸੇ ਵੀ ਜਾਤ ਜਾਂ ਵਰਗ ਦੇ ਵਿਅਕਤੀ ਨਾਲ ਹੋ ਰਹੇ ਧੱਕੇ, ਭੇਦਭਾਵ ਜਾਂ ਅਨਿਆਇ ਦੇ ਮਾਮਲਿਆਂ ਵਿੱਚ ਪੀੜਤ ਲੋਕਾਂ ਨੂੰ ਕਾਨੂੰਨੀ ਤੌਰ 'ਤੇ ਇਨਸਾਫ ਦਵਾਉਣ ਲਈ ਪੂਰੀ ਨਿਸ਼ਠਾ ਅਤੇ ਇਮਾਨਦਾਰੀ ਨਾਲ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸੰਸਥਾ ਸਮਾਜਿਕ ਬਰਾਬਰੀ, ਭਾਈਚਾਰਕ ਸਾਂਝ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਹਮੇਸ਼ਾ ਵਚਨਬੱਧ ਰਹੇਗੀ। ਇਸ ਮੌਕੇ ਕੌਮੀ ਪ੍ਰਧਾਨ ਧਰਮਪਾਲ ਸਾਹ–ਨੇਵਾਲ, ਵਾਇਸ ਚੇਅਰਮੈਨ ਕ੍ਰਿਸ਼ਨ ਲਾਲ, ਕਸ਼ਮੀਰ ਲਾਲ ਚੱਕੀ ਸੈਕਟਰੀ ਪੰਜਾਬ, ਗੁਰਨਾਮ ਸਿੰਘ ਮੈਂਬਰ ਪੰਜਾਬ, ਬਲਵੀਰ ਸਿੰਘ ਪ੍ਰਧਾਨ ਸਮਰ–ਾਲਾ, ਦਲਵੀਰ ਚੰਦ ਮਿੱਠੇਵਾਲ ਆਦਿ ਹਾਜ਼ਰ ਸਨ । ਮੀਟਿੰਗ ਵਿੱਚ ਬੀਬੀਆਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਸਮਾਗਮ ਦੀ ਰੌਣਕ ਵਧਾਈ।

**ਫੋਟੋ ਅਜਮੇਰ ਦੀਵਾਨਾ**

# ਬਿਜਲੀ ਮਹਿਕਮਾ ਕਰ ਰਿਹਾ ਦਿਹਾਤੀ ਇਲਾਕਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ : ਸ਼ੁਭਾਸ਼ ਬਾਂਠ

## ਸਾਰੇ ਬੱਚੇ ਤੇ ਬੀਮਾਰ ਲੋਕ ਤੜਫ – ਤੜਫ ਕੇ ਕੱਟਦੇ ਹਨ ਰਾਤ

**ਨਵਾਂਸ਼ਹਿਰ /ਕਾਠਗੜ੍ਹ 21 ਮਈ (ਜਤਿੰਦਰ ਪਾਲ ਸਿੰਘ ਕਲੇਰ )** ਜਿਵੇਂ ਜਿਵੇਂ ਗਰਮੀ ਵੱਧ ਰਹੀ ਹੈ ਇਸ ਨਾਲ ਸਰਕਾਰ ਦੀ ਵਲੋਂ ਫ੍ਰੀ ਦਿੱਤੀ ਬਿਜਲੀ ਸੇਵਾ ਦੀ ਵੀ ਪੋਲ ਖੁੱਲ ਰਹੀ ਹੈ। ਪਿੰਡਾਂ ਦੇ ਲੋਕ ਵਿਚਾਰੇ ਸਾਰਾ ਦਿਨ ਮਿਹਨਤ ਮੁਸ਼ਕਤ ਕਰਦੇ ਹਨ ਉਹਨਾਂ ਪਾਸ ਕੇਵਲ ਰਾਤ ਹੀ ਹੁੰਦੀ ਜਦੋਂ ਉਹ ਅਰਾਮ ਨਾਲ ਸੋਣ ਦੀ ਕੋਸ਼ਿਸ਼ ਕਰਦੇ ਹਨ ਪਰ ਰਾਤ ਸਮੇਂ ਦਿਹਾਤੀ ਇਲਾਕਿਆਂ ਵਿੱਚ ਜੋ ਲੰਬੇ ਲੰਬੇ ਕੱਟ ਲਗਾਏ ਜਾਂਦੇ ਹਨ ਜਿਸ ਨਾਲ ਸਾਰੀ ਰਾਤ ਗਰਮੀ ਨਾਲ ਬਸ ਹੋ ਜਾਂਦੀ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਬੀ ਜੇ ਪੀ ਆਗੂ ਅਤੇ ਸਾਬਕਾ ਪੁਲਿਸ ਸ਼ੁਭਾਸ਼ ਬਾਂਠ ਰੱਤੇਵਾਲ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਡੀ ਤ੍ਰਾਸਦੀ ਵੇਖੋ ਜਿਹਨਾਂ ਦਿਹਾਤੀ ਇਲਾਕਿਆਂ ਤੋਂ ਜਿਆਦਾ ਤਰ ਵੋਟਾਂ ਲੇਕੇ ਸਰਕਾਰਾਂ ਬਣਦੀਆਂ ਹਨ।ਪਰ ਬਿਜਲੀ ਦੇ ਲੰਬੇ ਲੰਬੇ ਕੱਟ ਵੀ



ਸ਼ਹਿਰਾਂ ਦੇ ਮੁਕਾਬਲੇ 80%ਤੋਂ ਜ਼ਿਆਦਾ ਲੱਗਦੇ ਹਨ ਕਿਉਂਕਿ ਦਿਹਾਤੀ ਲੋਕ ਸ਼ਹਿਰ ਵਾਸੀਆਂ ਦੇ ਮੁਕਾਬਲੇ ਜ਼ਿਆਦਾ ਸਹਿਣਸ਼ੀਲਤਾ ਵਾਲੇ ਹੁੰਦੇ ਹਨ ਜਿਸ ਕਰਕੇ ਇਸਦਾ ਫਾਈਦਾ ਬਿਜਲੀ ਵਿਭਾਗ ਦੇ ਕਰਮਚਾਰੀਆਂ ਵਲੋਂ ਚੁੱਕਿਆ ਜਾਂਦਾ ਹੈ,ਹੈਰਾਨੀ ਦੀ ਗੱਲ ਹੈ ਕਿ ਜੇਕਰ ਰਾਤ ਸਮੇਂ ਥੋੜ੍ਹੀ ਜਿਹੀ ਹਵਾ ਵੀ ਚਲ ਪਵੇ ਤਾਂ ਬੱਤੀ ਇੱਕ ਦਮ ਗੁੱਲ ਹੋ ਜਾਦੀ ਹੈ। ਫੋਨ ਕਰਨ ਡਿਊਟੀ ਤੇ ਤੈਨਾਤ ਕਰਮਚਾਰੀ ਫੋਨ ਹੀ ਨਹੀ ਚੁੱਕਦੇ ਪਰ ਜੇਕਰ ਗਲਤੀ ਫੋਨ ਚੁੱਕ ਵੀ ਲੈਂਦੇ ਹਨ ਤਾਂ ਅੱਗੋਂ ਜਵਾਬ ਮਿਲਦਾ ਹੈ ਕਿ ਲਾਈਨ ਤੇ ਬੂਟਾ ਡਿੱਗ ਗਿਆ ਹੈ ਪਰ ਸਵੇਰੇ ਹੀ ਬਿਜਲੀ ਠੀਕ ਹੋਵੇਗੀ ਪਰ ਅਸਲ ਵਿੱਚ ਇਹ ਨਾਜਾਇਜ਼ ਕੱਟ ਹੁੰਦਾ ਹੈ। ਪਿੰਡਾਂ ਦੇ ਸਮੂਹ ਲੋਕਾਂ ਨੇ ਇੱਕਠੇ ਹੋ ਕੇ ਸਰਕਾਰ ਤੇ ਬਿਜਲੀ ਵਿਭਾਗ ਕੋਲੋਂ ਸਖਤ ਸ਼ਬਦਾਂ ਵਿੱਚ ਮੰਗ ਕੀਤੀ ਹੈ ਕਿ ਪਿੰਡਾਂ ਵਾਲੇ ਭੋਲੇ ਭਾਲੇ ਲੋਕਾਂ ਨਾਲ ਅਜਿਹਾ ਪੱਖਪਾਥ ਨਾਂ ਕਰਕੇ ਸਰਕਾਰ ਲੋਕਾਂ ਨਿਰਵਿਘਨ ਬਿਜਲੀ ਦੀ ਸਪਲਾਈ ਜਾਰੀ ਰੱਖੇ।

# 60 ਬੋਤਲਾਂ ਨਜ਼ਾਇਜ ਸ਼ਰਾਬ ਨਾਲ ਇਕ ਕਾਬੂ

**ਬਲਾਚੌਰ 21 ਮਈ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਪੁਲਿਸ ਵਲੋਂ ਨਸ਼ਿਆ ਦੇ ਖਿਲਾਫ ਛੇੜੀ ਗਈ ਮੁਹਿੰਮ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਬਲਾਚੌਰ ਥਾਣਾ ਸਦਰ ਪੁਲਿਸ ਨੇ ਇਕ ਵਿਆਕਤੀ ਨੂੰ 60 ਬੋਤਲਾਂ ਨਜ਼ਾਇਜ ਸ਼ਰਾਬ ਨਾਲ ਇਕ ਵਿਆਕਤੀ ਨੂੰ ਕਾਬੂ ਕੀਤਾ । ਪੁਲਿਸ ਨੇ ਕਥਿਤ ਆਰੋਪੀ ਦੇ ਖਿਲਾਫ਼ ਐਕਸਾਈਜ਼ ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ । ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਐਕਸਾਈਜ਼ ਇੰਸਪੈਕਟਰ ਸੁਨੀਲ ਭਾਰਦਵਾਜ ਨੇ ਦੱਸਿਆ



ਐਸ ਐਚ ਓ ਬਿਕਰਮ ਸਿੰਘ ਥਾਣਾ ਸਦਰ ਅਤੇ ਏ ਐਸ ਆਈ ਧਰਮ ਚੰਦ ਨੇ ਸਾਂਝੀ ਕਾਰਵਾਈ ਕਰਦੇ ਹੋਏ ਕਥਿਤ ਆਰੋਪੀ ਗੋਲਡੀ ਕੁਮਾਰ ਉਰਫ ਸੋਨਾ ਪੁੱਤਰ ਪਰਮਜੀਤ ਵਾਸੀ ਭੱਦੀ ਥਾਣਾ ਬਲਾਚੌਰ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਨੂੰ ਕਾਬੂ ਕਰਕੇ ਉਸਦੇ ਕੋਲੋਂ 60 ਬੋਤਲਾਂ ਸ਼ਰਾਬ ਮਾਰਕਾ 9 ਵਨ ਵਿਸਕੀ ਫਾਰ ਸੇਲ ਇਨ ਚੰਡੀਗੜ੍ਹ ਦੀ ਬਰਾਮਦ ਹੋਈ । ਉਨਾ ਦੱਸਿਆ ਕਿ ਪੁਲਿਸ ਨੇ ਕਥਿਤ ਆਰੋਪੀ ਦੇ ਖਿਲਾਫ ਐਕਸਾਈਜ਼ ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ।

## ਕਿੱਥੇ ਜਾ ਕੇ

ਹਾਕਮ ਹੀ ਬੇਈਮਾਨ ਹੋ ਗਿਆ ,
ਕਿੱਥੇ ਜਾ ਕੇ ਗੱਲ ਖੜ੍ਹਗੀ ।
ਸਭ ਕੁੱਝ ਅਪਣੇ ਘਰ ਨੂੰ ਢੋ ਗਿਆ,
ਕਿੱਥੇ ਜਾ ਕੇ ਗੱਲ ਖੜ੍ਹਗੀ ।
ਹੋਰ ਕਿਸੇ ਦੇ ਹੱਥ ਵਿੱਚ ਡੋਰਾਂ ,
ਤੁਣਕੇ ਕੋਈ ਹੋਰ ਮਾਰਦੈ ;
ਤਿੰਨ ਘੱਟ ਸੌ ਨੂੰ ਡਾਲਰ ਹੋ ਗਿਆ,
ਕਿੱਥੇ ਜਾ ਕੇ ਗੱਲ ਖੜ੍ਹਗੀ।



**ਮੂਲ ਚੰਦ ਸ਼ਰਮਾ ਪ੍ਰਧਾਨ , ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ -9914836037**

## ਕਵਿਤਾ


ਅੱਖਾਂ ਹੀ ਅੱਖਾਂ ਵਿੱਚ ਅੱਜ ਇਜ਼ਹਾਰ ਹੋ ਗਿਆ,
ਤੈਨੂੰ ਦੇਖਦਿਆਂ ਹੀ ਸਾਨੂੰ ਪਿਆਰ ਹੋ ਗਿਆ।
ਤੇਰੀ ਇੱਕ ਝਲਕ ਕੀ ਦੇਖੀ ਮੈਂ ਸੱਜਣਾ,
ਰੂਹ ਮੇਰੀ ਨੂੰ ਅੱਜ ਚੈਨ-ਓ-ਕਰਾਰ ਹੋ ਗਿਆ।
ਤੇਰੇ ਬਿਨਾਂ ਇਹ ਦੁਨੀਆ ਹੁਣ ਸੁੰਨੀ ਲੱਗਦੀ,
ਤੂੰ ਹੀ ਮੇਰਾ ਹੁਣ ਸਾਰਾ ਸੰਸਾਰ ਹੋ ਗਿਆ।
ਲੋਕੀਂ ਲੱਭਦੇ ਨੇ ਰੱਬ ਨੂੰ ਮਸੀਤਾਂ-ਮੰਦਰਾਂ 'ਚ,
ਮੈਨੂੰ ਤੇਰੇ ਚਿਹਰੇ 'ਚੋਂ ਹੀ ਦੀਦਾਰ ਹੋ ਗਿਆ।
ਹੁਣ ਲੁਕਾਇਆਂ ਨਹੀਂ ਲੁਕਦੀ ਇਹ ਚਾਹਤ ਮੇਰੀ,
ਸਾਡੀ ਧੜਕਣ 'ਤੇ ਬੱਸ ਤੇਰਾ ਅਧਿਕਾਰ ਹੋ ਗਿਆ।



**ਮਨਜੀਤ ਮਾਨ**
**ਮੋਬਾਈਲ 7009898044**

## "ਜੜ੍ਹਾਂ ਦੇ ਵੈਰੀ"

ਜਿਸ ਰੁੱਖ ਦੀ ਛਾਵੇਂ ਬਹਿ ਕੇ, ਮਾਣੀਆਂ ਠੰਢੀਆਂ ਛਾਵਾਂ ਵੇ।
ਓਸੇ ਦੀਆਂ ਜੜ੍ਹਾਂ ਵੱਢ ਕੇ, ਭੁੱਲ ਗਏ ਸ਼ੁਕਰ-ਵਿਜ਼ਾਵਾਂ ਵੇ।
ਕੁਝ ਬੰਦੇ ਇਸ ਦੁਨੀਆ ਉੱਤੇ, ਉਨ੍ਹਾਂ ਦੀ ਜੂਨ ਹੰਢਾਉਂਦੇ ਨੇ,
ਆਪਣੇ ਹੱਥੀਂ ਬੇੜੀ ਆਪਣੀ, ਆਪੇ ਗਰਕ ਕਰਾਉਂਦੇ ਨੇ।
ਰੁੱਖ ਵਿਚਾਰਾ ਵੰਡੇ ਲੋਰੀਆਂ, ਮਿੱਠੇ ਬੁੱਲੇ ਪੌਣਾਂ ਦੇ,
ਪੱਤਿਆਂ ਦੀ ਸਰਸਰਾਹਟ ਵਿੱਚ, ਗੀਤ ਲੁਕੇ ਨੇ ਸਾਉਣਾ ਦੇ।
ਅਕਲੋਂ ਅੰਨ੍ਹਿਆਂ ਲੋਕਾਂ ਨੂੰ, ਇਹ ਗੱਲ ਸਮਝ ਨਾ ਆਵੇ ਵੇ,
ਬਿਨਾਂ ਵਜ੍ਹਾ ਕਿਉਂ ਬੰਦਾ ਅਪਣੀ, ਕਿਸਮਤ ਆਪ ਗੁਆਵੇ ਵੇ।
ਰਿਸ਼ਤਾ ਹੋਵੇ ਭਾਵੇਂ ਯਾਰੀ, ਪਹਿਲਾਂ ਮੋਹ ਜਤਾਉਂਦੇ ਨੇ,
ਬੁੱਕਲ ਦੇ ਵਿੱਚ ਬਹਿ ਕੇ ਸੱਜਣਾ, ਜ਼ਹਿਰੀ ਡੰਗ ਚਲਾਉਂਦੇ ਨੇ।
ਮਤਲਬ ਕੱਢਣ ਖਾਤਰ ਬੰਦੇ, ਹਰ ਇੱਕ ਹੱਦ ਟੱਪ ਜਾਂਦੇ,
ਭੋਲੇ-ਭਾਲੇ ਲੋਕਾਂ ਤਾਈਂ, ਦਿਨ-ਦਿਹਾੜੇ ਠੱਗ ਜਾਂਦੇ।
ਕੁਦਰਤ ਦੀ ਇੱਕ ਤੱਕੜੀ ਸੱਚੀ, ਜੋ ਬੀਜੇਂਗਾ ਵੱਢੇਂਗਾ,
ਕਿੱਕਰਾਂ ਬੀਜ ਕੇ ਦੱਸ ਖਾਂ ਬੰਦਿਆ, ਫੁੱਲ ਕਿੱਥੋਂ ਫਿਰ ਕੱਢੇਂਗਾ?
ਅੰਤ ਵੇਲੇ ਫਿਰ ਰਹਿਣ ਇਕੱਲੇ, ਕੋਈ ਨਾ ਬਣਦਾ ਹਾਣੀ ਏ,
ਪਰਉਪਕਾਰੋਂ ਪਹਿਲਾਂ ਜਦ ਵੀ, ਮੁੱਕਦੀ ਜ਼ਿੰਦਗਾਨੀ ਏ।
ਸੋਚੋ ਲੋਕੋ ਕਾਹਦਾ ਇਨਸਾਫ਼, ਜੇ ਦੇਣਾ ਸਹਾਰਾ ਡੰਗਣਾ ਏ,
ਸਭ ਤੋਂ ਵੱਡਾ ਪਾਪ ਜਗਤ 'ਤੇ, ਕਰ ਕੇ ਨੇਕੀ ਸੰਘਣਾ ਏ।
'ਖਿੱਚੀ' ਕਦੇ ਨਾ ਵੈਰੀ ਬਣੀਏ, ਆਸਰਾ ਦੇਵਣ ਜੜ੍ਹਾਂ ਦਾ,
ਬਣੀਏ ਦਾਤੇ ਰੁੱਖਾਂ ਵਰਗੇ, ਦਰਦ ਵੰਡਾਈਏ ਸਭਨਾਂ ਦਾ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

## ਯਾਰਾਂ ਨਾਲ ਬਹਾਰਾਂ

ਵੇਖਾਂ ਜਦ ਅਸਮਾਨ ਦੇ ਅੱਧ ਵਿਚਕਾਰ
ਦਿਖਾਈ ਦੇਵੇ ਉੱਡ ਰਹੇ ਪੰਛੀਆਂ ਦੀ ਡਾਰ
ਜਿਵੇਂ ਪਿੰਦਾ, ਤਰਨਾ, ਮੈਂ ਤੇ ਰਾਜ ਕੁਮਾਰ
ਚੇਤੇ ਆ ਜਾਣ ਬਚਪਨੇ ਵਾਲੇ ਉਹ ਯਾਰ

ਕਚੀ ਸੜਕ ਦੇ ਕੋਲ ਪਿੰਡ ਤੋਂ ਥੋੜ੍ਹੀ ਦੂਰ
ਸਕੂਲ ਨੂੰ ਤੁਰੇ ਜਾ ਰਹੇ ਮੁੰਡਿਆਂ ਦੇ ਪੂਰ
ਖੂਹ ਦੇ ਕੁੱਤੇ ਤੇ ਟੱਲੀਆਂ ਦੀ ਟੁਣਕਾਰ
ਚੇਤੇ ਆ ਜਾਣ ਬਚਪਨੇ ਵਾਲੇ ਉਹ ਯਾਰ

ਕਦੇ ਨੱਠਣਾ ਕਦੇ ਬਿਨ ਕਾਰਨ ਬਹਿਣਾ
ਮੂਲੀਆਂ ਪੁੱਟਣਾਂ, ਗੰਨੇ ਚੂਪਦੇ ਰਹਿਣਾ
ਧੂੜ ਨਾਲ ਭਰ ਜਾਵੇ ਕੋਈ ਮੋਟਰ-ਕਾਰ
ਚੇਤੇ ਆ ਜਾਣ ਬਚਪਨੇ ਵਾਲੇ ਉਹ ਯਾਰ

ਭਾਵੇਂ ਅੱਧ ਕੱਚਾ ਜਿਹਾ ਸੀ ਉਹ ਸਕੂਲ
ਪਰ ਸਖ਼ਤ ਮਾਸਟਰ ਤੇ ਸਖ਼ਤ ਸੀ ਅਸੂਲ
ਕਦੇ ਅਧੂਰੀ ਫੱਟੀ ਕਰ ਕੇ, ਪੈਂਦੀ ਸੀ ਮਾਰ
ਚੇਤੇ ਆ ਜਾਣ ਬਚਪਨੇ ਵਾਲੇ ਉਹ ਯਾਰ

ਇਕ ਦਿਨ ਸਕੂਲੋਂ ਭੱਜੇ ਤੇ ਪਹੁੰਚ ਗਏ ਮੇਲੇ
ਰਲ ਕੇ ਖਾ ਲਈਆਂ ਜਲੇਬੀਆਂ ਵਿੱਚ ਮੇਲੇ
ਆਥਣੇ ਬਾਪੂ ਨੇ ਵੀ, ਦਿੱਤੀ ਭੁਗਤ ਸਵਾਰ
ਚੇਤੇ ਆ ਜਾਂਦੇ ਬਚਪਨੇ ਵਾਲੇ ਉਹ ਯਾਰ

ਪੜ੍ਹ ਕੇ ਕੁਝ ਬੇਲੀ ਅੱਜ ਮਾਸਟਰ ਲੱਗੇ
ਕਈ ਦਿਹਾੜੀ ਤੇ ਖੇਤੀਬਾੜੀ ਕਰਨ ਲੱਗੇ
ਕੋਈ ਵਿਦੇਸ਼ਾਂ ਵਿੱਚ ਕਰ ਰਿਹਾ ਕਾਰੋਬਾਰ
ਚੇਤੇ ਆ ਜਾਣ ਬਚਪਨੇ ਵਾਲੇ ਉਹ ਯਾਰ

ਹੁਣ ਜਦ ਵਰ੍ਹੇ-ਛਿਮਾਹੀਂ ਪਿੰਡ ਗੇੜਾ ਮਾਰਾਂ
ਫਿਰ ਹੋ ਜਾਂਦੀਆਂ ਨੇ ਯਾਰਾਂ ਨਾਲ ਬਹਾਰਾਂ
ਪੁੱਛਦੇ ਨੇ, "ਕਦ ਆਵੇਂਗਾ ਅਗਲੀ ਵਾਰ?"
ਚੇਤੇ ਆ ਜਾਣ ਬਚਪਨੇ ਵਾਲੇ ਉਹ ਯਾਰ

ਵੇਖਾਂ ਜਦ ਅਸਮਾਨ ਦੇ ਅੱਧ ਵਿਚਕਾਰ
ਨਜ਼ਰ ਆਵੇ ਉੱਡ ਰਹੇ ਪੰਛੀਆਂ ਦੀ ਡਾਰ
ਜਿਵੇਂ ਪਿੰਦਾ, ਤਰਨਾ, ਮੈਂ ਤੇ ਰਾਜ ਕੁਮਾਰ
ਚੇਤੇ ਆ ਜਾਣ ਬਚਪਨੇ ਵਾਲੇ ਉਹ ਯਾਰ



**ਮਨਜੀਤ ਸਿੰਘ ਬੱਧਣ**
**9417635053**

## ਵਾਰਡ ਨੰਬਰ ਜ਼ਨਾਨੀ, ਕਾਗਜ਼ ਮਰਦਾਨਾ

ਖ਼ਬਰ ਆਈ ਜਗਰਾਓਂ ਤੋਂ,
ਸਭ ਦੇ ਕੰਨ ਖੜ੍ਹੇ।
ਵਿਧਾਇਕਾ ਬੀਬੀ 'ਆਪ' ਦੀ,
ਘਰਵਾਲੇ ਦੇ ਕਾਗਜ਼ ਭਰੇ।
ਐੱਮ.ਸੀ. ਬਣਨ ਦਾ ਸ਼ੌਕ ਚੜ੍ਹਿਆ,
'ਲੇਡੀਜ਼ ਵਾਰਡ' 'ਚ ਕੁੱਦ ਗਿਆ।
ਅਫ਼ਸਰ ਕਹਿੰਦੇ "ਬਾਈ ਜੀ,
ਇਹ ਰਾਖਵੀਂ ਸੀਟ ਔਰਤ ਦੀ"।
ਕਾਗਜ਼ ਹੋਏ ਰੱਦ,
ਸੋਸ਼ਲ ਮੀਡੀਆ ਹੱਸ ਪਿਆ।
ਸਵਾਲ ਇਹ ਨਹੀਂ ਰੱਦ ਕਿਉਂ ਹੋਏ,
ਸਵਾਲ ਇਹ ਕਿ ਭਰੇ ਕਿਉਂ ਗਏ?
ਜਦ ਬੀਬੀ ਨੇ ਭਰੇ ਹੋਏ,
ਫੇਰ ਵੀਰ ਨੇ ਕਿਉਂ ਲਾਈਨ ਮਾਰੀ?
ਕਹਿੰਦੇ "ਬੈਕਅੱਪ" ਰੱਖਿਆ ਸੀ,
ਜੇ ਨਾਮ ਕੱਟ ਦੇਵੇ ਕੋਈ ਮਾੜੀ।
ਜਾਂ ਫਿਰ ਗੱਲ ਕੋਈ ਹੋਰ ਏ,
ਫਾਈਲ ਦਾ ਕੋਈ ਤੋੜ ਏ।
ਅਫ਼ਸਰ ਨੇ ਫੜੀ ਕਿਉਂ,
ਜਦ ਪੜ੍ਹਦਿਆਂ ਸਾਰ ਪਤਾ ਚੱਲ ਜੇ?
ਲੋਕਤੰਤਰ 'ਚ ਪਤੀ-ਪਤਨੀ,
ਦੋਵੇਂ ਕੁਰਸੀ ਭਾਲਦੇ।
ਵਾਰਡ ਵੀ ਆਪਣਾ, ਘਰ ਵੀ ਆਪਣਾ,
ਸਦਕੇ ਇਹਨਾਂ ਦੀ ਚਾਲ ਦੇ।
ਜਾਂਚ ਹੋਣੀ ਚਾਹੀਦੀ,
ਦੁੱਧ ਦਾ ਦੁੱਧ, ਪਾਣੀ ਦਾ ਪਾਣੀ।
ਕਾਨੂੰਨ ਸਭ ਲਈ ਇੱਕੋ, ਗੁਰਮੀਤ,
ਭਾਵੇਂ ਹੋਵੇ ਵਿਧਾਇਕ ਦੀ ਰਾਣੀ।



**ਗੁਰਮੀਤ ਡੁਮਾਣਾ**
**ਲੋਹੀਆਂ ਖ਼ਾਸ, ਜਲੰਧਰ**

## ਜਨਮਦਿਨ ਮੁਬਾਰਕ



ਗੁਰਲੀਨ ਕੌਰ
ਪਿਤਾ ਸਚਿਨ ਬਹਿਲ
ਮਾਤਾ ਅਮਨਦੀਪ ਕੌਰ
ਜ਼ਿਲ੍ਹਾ ਲੁਧਿਆਣਾ(ਪੰਜਾਬ)

# ਵਾਰਡ ਨੰਬਰ 8 ਦੀ ਚੋਣ ਮੁਹਿੰਮ ਵਿੱਚ ਆਈ ਤੇਜ਼ੀ ਨੇ ਵਿਰੋਧੀਆਂ ਨੂੰ ਸੋਚਣ ਲਈ ਕੀਤਾ ਮਜ਼ਬੂਰ

## ਹੁਣ ਬਦਲਾਅ ਨਹੀਂ, ਅਸਲ ਵਿਕਾਸ ਚਾਹੁੰਦੀ ਹੈ ਜਨਤਾ ਅਮਨਪ੍ਰੀਤ ਕੌਰ ਰਾਏ

**ਮੋਰਿੰਡਾ, 21 ਮਈ (ਸੁਖਵਿੰਦਰ ਸਿੰਘ ਹੈਪੀ)**-ਨਗਰ ਕੌਂਸਲ ਮੋਰਿੰਡਾ ਦੀਆਂ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਸਿਖਰ 'ਤੇ ਪਹੁੰਚ ਗਈਆਂ ਹਨ। ਵਾਰਡ ਨੰਬਰ 8 ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਸਰਦਾਰ ਦਲਜੀਤ ਸਿੰਘ ਬਿੱਟੂ (ਧੀਮਾਨ) ਵੱਲੋਂ ਆਪਣੀ ਚੋਣ ਮੁਹਿੰਮ ਨੂੰ ਪੂਰੀ ਤਰ੍ਹਾਂ ਤੇਜ਼ ਕਰ ਦਿੱਤਾ ਗਿਆ ਹੈ। ਉਹਨਾਂ ਨੇ ਆਪਣੇ ਸਮਰਥਕਾਂ ਸਮੇਤ ਵਾਰਡ ਵਿੱਚ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਸਾਧਿਆ ਅਤੇ ਆਪਣੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਵਾਰਡ ਦੇ ਸਰਬਪੱਖੀ ਵਿਕਾਸ ਲਈ ਵਚਨਬੱਧਤਾ ਜਤਾਈ।

ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਲਜੀਤ ਸਿੰਘ ਬਿੱਟੂ ਨੇ ਕਿਹਾ ਕਿ ਜੇਕਰ ਵਾਰਡ ਵਾਸੀ ਉਹਨਾਂ ਨੂੰ ਸੇਵਾ ਦਾ ਮੌਕਾ ਦਿੰਦੇ ਹਨ, ਤਾਂ ਵਾਰਡ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਸੁਵਿਧਾ, ਸੀਵਰੇਜ ਪ੍ਰਬੰਧ, ਨੌਜਵਾਨਾਂ ਲਈ ਖੇਡ ਮੈਦਾਨਾਂ ਦਾ ਵਿਕਾਸ, ਪਾਰਕਾਂ ਵਿੱਚ ਬੈਂਚਾਂ ਦੀ ਵਿਵਸਥਾ ਅਤੇ ਸਟਰੀਟ ਲਾਈਟਾਂ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ। ਉਹਨਾਂ ਵਾਰਡ ਵਾਸੀਆਂ ਨੂੰ ਅਪੀਲ ਕੀਤੀ ਕਿ 26 ਮਈ ਨੂੰ ਕਮਲ ਦੇ



ਫੁੱਲ ਦੇ ਨਿਸ਼ਾਨ ਵਾਲਾ ਬਟਨ ਦਬਾ ਕੇ ਭਾਜਪਾ ਨੂੰ ਜਿਤਾਓ ਤਾਂ ਜੋ ਇਲਾਕੇ ਦਾ ਬਿਨਾਂ ਕਿਸੇ ਪੱਖਪਾਤ ਤੋਂ ਵਿਕਾਸ ਯਕੀਨੀ ਬਣਾਇਆ ਜਾ ਸਕੇ। ਚੋਣ ਪ੍ਰਚਾਰ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਮੁੱਖ ਆਗੂ ਮੈਡਮ ਅਮਨਪ੍ਰੀਤ ਕੌਰ ਰਾਏ ਨੇ ਘਰ-ਘਰ ਜਾ ਕੇ ਚੋਣ ਪ੍ਰਚਾਰ ਕੀਤਾ। ਇਸ ਮੌਕੇ ਲੋਕਾਂ ਦੇ ਭਾਰੀ ਉਤਸ਼ਾਹ ਨੂੰ ਦੇਖਦਿਆਂ ਉਹਨਾਂ ਕਿਹਾ ਕਿ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਹੋ ਰਹੀਆਂ ਮੀਟਿੰਗਾਂ ਤੋਂ ਇਹ ਸਾਫ਼ ਹੋ ਗਿਆ ਹੈ ਕਿ ਲੋਕ ਹੁਣ ਸਿਰਫ਼ ਖੋਖਲੇ ਬਦਲਾਵ ਦੇ ਨਾਂ 'ਤੇ ਨਹੀਂ, ਸਗੋਂ ਵਿਕਾਸ, ਇਮਾਨਦਾਰੀ ਅਤੇ ਲੋਕ- ਹਿਤੂ ਸੋਚ ਦੇ ਨਾਲ ਖੜ੍ਹੇ ਹੋਣਾ ਚਾਹੁੰਦੇ ਹਨ। ਉਹਨਾਂ ਤਨਜ਼ ਕਸਦਿਆਂ ਕਿਹਾ ਕਿ ਪਹਿਲਾਂ ਲੋਕਾਂ ਨੇ ਪੁਰਾਣੀਆਂ ਸਰਕਾਰਾਂ ਤੋਂ ਤੰਗ ਆ ਕੇ ਬਦਲਾਵ ਦੇ ਨਾਂ 'ਤੇ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ ਸੀ, ਪਰ 'ਆਪ' ਦੀਆਂ ਨਾਕਾਮੀਆਂ ਤੋਂ ਬਾਅਦ ਹੁਣ ਲੋਕ ਅਸਲ ਵਿਕਾਸ ਅਤੇ ਜਨ ਸੇਵਾ ਨੂੰ ਤਰਜੀਹ ਦੇਣ ਦਾ ਮਨ ਬਣਾ ਚੁੱਕੇ ਹਨ। ਇਸ ਮੌਕੇ ਭਾਜਪਾ ਮਹਿਲਾ ਮੋਰਚਾ ਦੀ ਜ਼ਿਲ੍ਹਾ ਪ੍ਰਧਾਨ ਸ੍ਰੀਮਤੀ ਮੋਨਿਕਾ ਕੱਕੜ, ਜਤਿੰਦਰ ਗੁੰਬਰ (ਸੈਕਟਰੀ, ਭਾਰਤ ਵਿਕਾਸ ਪ੍ਰੀਸ਼ਦ), ਹਰਸ਼ ਕੋਹਲੀ (ਸੈਕਟਰੀ, ਕੈਮਿਸਟ ਐਸੋਸੀਏਸ਼ਨ), ਸਰਦਾਰ ਸੁਖਦੇਵ ਸਿੰਘ, ਰੰਮੀ ਕੱਕੜ, ਪਵਨ ਕੁਮਾਰ, ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਦੇ ਪ੍ਰਧਾਨ ਬਿਕਰਮਜੀਤ ਸਿੰਘ, ਦਲਵੀਰ ਸਿੰਘ, ਕੁਲਵੀਰ ਸਿੰਘ, ਗਿਆਨੀ ਤੇਜਿੰਦਰ ਸਿੰਘ, ਜਗਵਿੰਦਰ ਸਿੰਘ, ਭੁਪਿੰਦਰ ਸਿੰਘ, ਮਾਸਟਰ ਮੇਜਰ ਸਿੰਘ, ਸਤਨਾਮ ਸਿੰਘ ਪਾਪੂਲਰ, ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ ਨਾਮਧਾਰੀ, ਗੁਰਪ੍ਰੀਤ ਸਿੰਘ ਬਿੰਬਰਾ, ਅਤੇ ਦਰਸ਼ਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸਥਾਨਕ ਵੋਟਰ ਅਤੇ ਸਮਰਥਕ ਹਾਜ਼ਰ ਸਨ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਪਿੰਡ ਆਸਰੋਂ , ਡੇਰਾ ਬਾਬਾ ਬਦਲੀਸ਼ੇਰ, ਬਲਾਚੌਰ ਵਿਖੇ ਨਤਮਸਤਕ ਹੋਏ

### ਬਾਬਾ ਸਤਪਾਲ ਸਿੰਘ ਜੀ ਨਾਲ ਕੀਤੀ ਮੁਲਾਕਾਤ, ਸਮਾਜਿਕ ਕਾਰਜਾਂ ਦੀ ਕੀਤੀ ਸ਼ਲਾਘਾ





**ਨਵਾਂਸ਼ਹਿਰ /ਕਾਠਗੜ੍ਹ , 21 ਮਈ(ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਅੱਜ ਪਿੰਡ ਆਸਰੋਂ ਸਥਿਤ ਡੇਰਾ ਬਾਬਾ ਬਦਲੀਸ਼ੇਰ ਵਿਖੇ ਨਤਮਸਤਕ ਹੋਏ ਅਤੇ ਡੇਰਾ ਦੇ ਮੁੱਖ ਸੇਵਾਦਾਰ ਬਾਬਾ ਸਤਪਾਲ ਸਿੰਘ ਜੀ ਨਾਲ ਮੁਲਾਕਾਤ ਕੀਤੀ।

ਇਸ ਮੌਕੇ ਚੇਅਰਮੈਨ ਗੜ੍ਹੀ ਨੇ ਕਿਹਾ ਕਿ ਧਾਰਮਿਕ ਸਥਾਨ ਹਮੇਸ਼ਾ ਸਮਾਜ ਨੂੰ ਸਹੀ ਦਿਸ਼ਾ ਦਿੰਦੇ ਹਨ ਅਤੇ ਲੋਕਾਂ ਨੂੰ ਆਪਸੀ ਭਾਈਚਾਰੇ ਤੇ ਸਮਾਜਿਕ ਬਰਾਬਰੀ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਡੇਰਾ ਬਾਬਾ ਬਦਲੀਸ਼ੇਰ ਵੱਲੋਂ ਸਿੱਖਿਆ, ਸਿਹਤ ਅਤੇ ਨਸ਼ਾ ਮੁਕਤੀ ਲਈ ਚਲਾਏ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਉਹ ਇਸ ਡੇਰੇ 'ਤੇ ਛੋਟੇ ਉਮਰ ਵਿੱਚ ਵੀ ਆਉਂਦੇ ਸੀ ਅਤੇ ਉਹ 25 ਸਾਲ ਬਾਅਦ ਇੱਥੇ ਮੱਥਾ ਟੇਕਣ ਲਈ ਆਏ ਹਨ। ਬਾਬਾ ਸਤਪਾਲ ਸਿੰਘ ਜੀ ਨੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੂੰ ਡੇਰੇ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਲੋਕ ਭਲਾਈ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ।

ਚੇਅਰਮੈਨ ਗੜ੍ਹੀ ਨੇ ਭਰੋਸਾ ਦਿੱਤਾ ਕਿ ਜੋ ਕੰਮ ਉਨ੍ਹਾਂ ਵੱਲੋਂ ਦੱਸੇ ਗਏ ਹਨ, ਉਹ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕਰਨਗੇ। ਇਸ ਮੌਕੇ 'ਤੇ ਸਰਪੰਚ ਜਸਵੀਰ ਸਿੰਘ ਔਲੀਆ, ਪਰਮਿੰਦਰ ਬੇਰਕਾ, ਪਰਮਿੰਦਰ ਭਾਟੀਆ, ਚਮਨ ਲਾਲ, ਤੂਰ, ਡੇਰੇ ਦੇ ਸੇਵਾਦਾਰਾਂ, ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਸੰਗਤ ਹਾਜ਼ਰ ਸਨ।

# ਖਾੜੀ ਦੇਸ਼ਾਂ ਨਾਲ ਬਰਤਾਨੀਆ ਦਾ 3.7 ਅਰਬ ਪੌਂਡ ਦਾ ਇਤਿਹਾਸਕ ਵਪਾਰ ਸਮਝੌਤਾ

**ਲੈਸਟਰ (ਇੰਗਲੈਂਡ), 21 ਮਈ (ਸੁਖਜਿੰਦਰ ਸਿੰਘ ਢੱਡੇ)–** ਬਰਤਾਨੀਆ ਨੇ ਖਾੜੀ ਸਹਿਯੋਗ ਕੌਂਸਲ (ਜੀ.ਸੀ.ਸੀ.) ਦੇ ਛੇ ਮੈਂਬਰ ਦੇਸ਼ਾਂ ਨਾਲ ਇਕ ਇਤਿਹਾਸਕ ਅਤੇ ਬਹੁ-ਅਰਬ ਪੌਂਡ ਦੇ ਵਪਾਰ ਸਮਝੌਤੇ ਦਾ ਐਲਾਨ ਕੀਤਾ ਹੈ। ਇਹ ਸਮਝੌਤਾ 20 ਮਈ ਨੂੰ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਜੀ.ਸੀ.ਸੀ. ਦੇ ਸਕੱਤਰ ਜਨਰਲ ਜਾਸਿਮ ਮੁਹੰਮਦ ਅਲਬੁਦਾਈਵੀ ਵਿਚਾਲੇ ਹੋਈ ਮੀਟਿੰਗ ਦੌਰਾਨ ਕੀਤਾ ਗਿਆ। ਇਸ ਸਮਝੌਤੇ ਵਿੱਚ ਬਹਿਰੀਨ, ਕੁਵੈਤ, ਓਮਾਨ, ਕਤਰ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਸ਼ਾਮਲ ਹਨ। ਬਰਤਾਨੀਆ ਸਰਕਾਰ ਮੁਤਾਬਕ ਇਹ ਸਮਝੌਤਾ ਲੰਬੇ ਸਮੇਂ ਵਿੱਚ ਹਰ ਸਾਲ ਬਰਤਾਨੀਆ ਦੀ ਅਰਥਵਿਵਸਥਾ ਵਿੱਚ ਕਰੀਬ 3.7 ਅਰਬ ਪੌਂਡ ਦਾ ਵਾਧਾ ਕਰੇਗਾ, ਜਦਕਿ ਲੋਕਾਂ ਦੀਆਂ ਅਸਲ ਤਨਖਾਹਾਂ ਵਿੱਚ 1.9 ਅਰਬ ਪੌਂਡ ਦਾ ਵਾਧਾ ਹੋਣ ਦੀ ਸੰਭਾਵਨਾ ਹੈ। ਇਸ ਨਾਲ ਦੋਵੇਂ ਪੱਖਾਂ ਵਿਚਕਾਰ ਵਪਾਰ ਵਿੱਚ ਕਰੀਬ 19.8 ਫੀਸਦੀ ਵਾਧਾ ਹੋ ਸਕਦਾ ਹੈ।

ਸਰਕਾਰ ਨੇ ਦੱਸਿਆ ਕਿ ਸਮਝੌਤਾ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ ਬਰਤਾਨਵੀ ਨਿਰਯਾਤ 'ਤੇ ਲੱਗਣ ਵਾਲੇ ਲਗਭਗ 58 ਕਰੋੜ ਪੌਂਡ ਦੇ ਟੈਰਿਫ਼ ਖਤਮ ਹੋ ਜਾਣਗੇ, ਜਿਨ੍ਹਾਂ ਵਿੱਚੋਂ 36 ਕਰੋੜ ਪੌਂਡ ਦੇ ਟੈਰਿਫ਼ ਪਹਿਲੇ ਹੀ ਦਿਨ ਹਟਾ ਦਿੱਤੇ ਜਾਣਗੇ। ਇਸ ਨਾਲ ਬਰਤਾਨਵੀ ਕੰਪਨੀਆਂ ਦੀ ਲਾਗਤ ਘਟੇਗੀ ਅਤੇ ਸਪਲਾਈ ਚੇਨ ਹੋਰ ਮਜ਼ਬੂਤ ਹੋਵੇਗੀ। ਇਸ ਸਮਝੌਤੇ ਨਾਲ ਖਾਦ ਅਤੇ ਪੇਅ ਪਦਾਰਥ ਉਦਯੋਗ ਨੂੰ ਵੱਡਾ ਲਾਭ ਹੋਣ ਦੀ ਉਮੀਦ ਹੈ। ਚੈਡਰ ਪਨੀਰ, ਮੱਖਣ, ਬਿਸਕੁਟ, ਚਾਕਲੇਟ ਅਤੇ ਅਨਾਜ ਵਰਗੇ ਬਰਤਾਨਵੀ ਉਤਪਾਦਾਂ 'ਤੇ ਲੱਗਣ ਵਾਲੇ ਟੈਕਸ ਹਟਣ ਨਾਲ ਇਹ ਉਤਪਾਦ ਖਾੜੀ ਦੇਸ਼ਾਂ ਵਿੱਚ ਸਸਤੇ ਅਤੇ ਹੋਰ ਮੁਕਾਬਲੇਯੋਗ ਹੋਣਗੇ। ਜੀ.ਸੀ.ਸੀ. ਦੇਸ਼ ਆਪਣੀ 80 ਫੀਸਦੀ ਤੋਂ ਵੱਧ ਖਾਦ ਸਮੱਗਰੀ ਆਯਾਤ ਕਰਦੇ ਹਨ, ਜਿਸ ਕਾਰਨ ਬਰਤਾਨਵੀ ਉਦਯੋਗ ਲਈ ਵੱਡੇ ਮੌਕੇ ਪੈਦਾ ਹੋਣਗੇ।

ਸਮਝੌਤੇ ਵਿੱਚ ਕਸਟਮ ਪ੍ਰਕਿਰਿਆ ਨੂੰ ਵੀ ਆਸਾਨ ਬਣਾਇਆ ਗਿਆ ਹੈ। ਹੁਣ ਸਾਰਾ ਕਸਟਮ ਕਲੀਅਰੈਂਸ 48 ਘੰਟਿਆਂ ਦੇ ਅੰਦਰ ਕੀਤਾ ਜਾਵੇਗਾ, ਜਦਕਿ ਜਲਦੀ ਖਰਾਬ ਹੋਣ ਵਾਲੀਆਂ ਚੀਜ਼ਾਂ ਨੂੰ 6 ਘੰਟਿਆਂ ਦੇ ਅੰਦਰ ਰਿਲੀਜ਼ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਡਿਜ਼ੀਟਲ ਵਪਾਰ ਅਤੇ ਡਾਟਾ ਸਾਂਝਾ ਕਰਨ ਸਬੰਧੀ ਵੀ ਮਹੱਤਵਪੂਰਨ ਪ੍ਰਬੰਧ ਕੀਤੇ ਗਏ ਹਨ। ਪਹਿਲੀ ਵਾਰ ਜੀ.ਸੀ.ਸੀ. ਦੇਸ਼ਾਂ ਨੇ ਬਰਤਾਨਵੀ ਕੰਪਨੀਆਂ ਨੂੰ ਖੇਤਰ ਤੋਂ ਬਾਹਰ ਡਾਟਾ ਸਟੋਰ ਅਤੇ ਪ੍ਰੋਸੈਸ ਕਰਨ ਦੀ ਮਨਜ਼ੂਰੀ ਦਿੱਤੀ ਹੈ, ਜਿਸ ਨਾਲ ਮਹਿੰਗੇ ਡਾਟਾ ਸੈਂਟਰ ਬਣਾਉਣ ਦੀ ਲੋੜ ਘਟੇਗੀ। ਬਰਤਾਨੀਆ ਦੀ ਸਰਵਿਸ ਸੈਕਟਰ, ਜੋ ਦੇਸ਼ ਦੀ ਅਰਥਵਿਵਸਥਾ ਦਾ ਲਗਭਗ 80 ਫੀਸਦੀ ਹਿੱਸਾ ਹੈ, ਨੂੰ ਵੀ ਇਸ ਦਾ ਵੱਡਾ ਲਾਭ ਹੋਵੇਗਾ। ਵਕੀਲਾਂ, ਇੰਜੀਨੀਅਰਾਂ ਅਤੇ ਸਲਾਹਕਾਰਾਂ ਵਰਗੇ ਪੇਸ਼ੇਵਰਾਂ ਲਈ ਖਾੜੀ ਦੇਸ਼ਾਂ ਵਿੱਚ ਜਾਣਾ ਅਤੇ ਲੰਬੇ ਸਮੇਂ ਤੱਕ ਕੰਮ ਕਰਨਾ ਹੋਰ ਆਸਾਨ ਹੋ ਜਾਵੇਗਾ। ਸਾਲ 2024 ਦੌਰਾਨ ਬਰਤਾਨੀਆ ਤੋਂ ਮੱਧ ਪੂਰਬ ਵੱਲ 4 ਲੱਖ ਤੋਂ ਵੱਧ ਕਾਰੋਬਾਰੀ ਦੌਰੇ ਕੀਤੇ ਗਏ ਸਨ।

ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਸਮਝੌਤੇ ਨੂੰ ਬਰਤਾਨਵੀ ਕਾਰੋਬਾਰ ਅਤੇ ਮਜ਼ਦੂਰ ਵਰਗ ਲਈ "ਵੱਡੀ ਜਿੱਤ" ਦੱਸਦਿਆਂ ਕਿਹਾ ਕਿ ਇਹ ਸਮਝੌਤਾ ਨਵੀਆਂ ਨੌਕਰੀਆਂ, ਵਧੀਆਂ ਤਨਖਾਹਾਂ ਅਤੇ ਨਿਵੇਸ਼ ਦੇ ਨਵੇਂ ਮੌਕੇ ਲਿਆਏਗਾ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੀ ਸਰਕਾਰ ਵੱਲੋਂ ਭਾਰਤ, ਅਮਰੀਕਾ, ਯੂਰਪੀ ਸੰਘ ਅਤੇ ਦੱਖਣੀ ਕੋਰੀਆ ਨਾਲ ਕੀਤੇ ਗਏ ਵੱਡੇ ਵਪਾਰ ਸਮਝੌਤਿਆਂ ਤੋਂ ਬਾਅਦ ਪੰਜਵਾਂ ਵੱਡਾ ਸਮਝੌਤਾ ਹੈ।

ਕਾਰੋਬਾਰ ਅਤੇ ਵਪਾਰ ਸਕੱਤਰ ਪੀਟਰ ਕਾਈਲ ਨੇ ਕਿਹਾ ਕਿ ਬਰਤਾਨੀਆ ਜੀ-7 ਦਾ ਪਹਿਲਾ ਦੇਸ਼ ਬਣ ਗਿਆ ਹੈ ਜਿਸ ਨੇ ਜੀ.ਸੀ.ਸੀ. ਨਾਲ ਆਧੁਨਿਕ ਅਤੇ ਵਿਆਪਕ ਵਪਾਰ ਸਮਝੌਤਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਬਰਤਾਨਵੀ ਨਿਰਯਾਤਕਾਰਾਂ ਲਈ ਭਰੋਸੇ ਅਤੇ ਸਥਿਰਤਾ ਦਾ ਸੰਦੇਸ਼ ਹੈ। ਵਿੱਤ ਮੰਤਰੀ ਰੇਚਲ ਰੀਵਜ਼ ਨੇ ਕਿਹਾ ਕਿ ਇਹ ਸਮਝੌਤਾ ਉਦਯੋਗ, ਰੋਜ਼ਗਾਰ ਅਤੇ ਖਪਤਕਾਰਾਂ ਲਈ ਲਾਭਦਾਇਕ ਸਾਬਤ ਹੋਵੇਗਾ ਅਤੇ ਇਸ ਨਾਲ ਬਰਤਾਨਵੀ ਕੰਪਨੀਆਂ ਨੂੰ ਵਿਸ਼ਵ ਪੱਧਰ 'ਤੇ ਹੋਰ ਮਜ਼ਬੂਤੀ ਮਿਲੇਗੀ। ਐਚ.ਐਸ.ਬੀ.ਸੀ. ਦੇ ਗਰੁੱਪ ਸੀ.ਈ.ਓ. ਜਾਰਜਸ ਐਲਹੇਦਰੀ ਅਤੇ ਈ.ਵਾਈ. ਯੂ.ਕੇ. ਦੀ ਖੇਤਰੀ ਪ੍ਰਬੰਧਕੀ ਸਾਥੀ ਐਨਾ ਐਂਥਨੀ ਨੇ ਵੀ ਇਸ ਸਮਝੌਤੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਬਰਤਾਨਵੀ ਸਰਵਿਸ ਅਤੇ ਵਿੱਤੀ ਖੇਤਰ ਲਈ ਨਵੇਂ ਮੌਕੇ ਪੈਦਾ ਹੋਣਗੇ।

# ਪੀ.ਏ.ਯੂ.-ਕੇ.ਵੀ.ਕੇ. ਸ਼ਹੀਦ ਭਗਤ ਸਿੰਘ ਨਗਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਇੰਨਪੁੱਟ ਡੀਲਰਾਂ ਲਈ ਸਿਖਲਾਈ ਕੈਂਪ ਲਗਾਇਆ ਗਿਆ

**ਨਵਾਂ ਸ਼ਹਿਰ, 21ਮਈ (ਜਤਿੰਦਰ ਪਾਲ ਸਿੰਘ ਕਲੇਰ** ) ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ.), ਲੁਧਿਆਣਾ ਅਤੇ ਆਈ.ਸੀ.ਏ.ਆਰ.-ਅਟਾਰੀ (ICAR-ATARI), ਜ਼ੋਨ-1, ਲੁਧਿਆਣਾ ਦੀ ਸਰਪ੍ਰਸਤੀ ਹੇਠ ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸਹਿਯੋਗ ਨਾਲ 21 ਮਈ, 2026 ਨੂੰ ਇੰਨਪੁੱਟ ਡੀਲਰਾਂ ਲਈ 'ਖਾਦਾਂ ਦੀ ਸੰਤੁਲਿਤ ਵਰਤੋਂ' ਵਿਸ਼ੇ 'ਤੇ ਇੱਕ ਸਿਖਲਾਈ ਕੈਂਪ ਲਗਾਇਆ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਇਨਪੁਟ ਡੀਲਰਾਂ ਨੂੰ ਖਾਦਾਂ ਦੀ ਸੰਤੁਲਿਤ ਵਰਤੋਂ ਅਤੇ ਏਕੀਕ੍ਰਿਤ ਪੌਸ਼ਟਿਕ ਤੱਤ ਪ੍ਰਬੰਧਨ (ਆਈ ਐਨ ਐਮ) ਰਾਹੀਂ ਮਿੱਟੀ ਦੀ ਸਿਹਤ ਅਤੇ ਫਸਲਾਂ ਦੀ ਪੈਦਾਵਾਰ ਵਿੱਚ ਸੁਧਾਰ ਕਰਨ ਬਾਰੇ ਜਾਣਕਾਰੀ ਦੇਣਾ ਸੀ। ਡਾ. ਪ੍ਰਦੀਪ ਕੁਮਾਰ, ਐਸੋਸੀਏਟ ਡਾਇਰੈਕਟਰ (ਸਿਖਲਾਈ), ਕੇ.ਵੀ.ਕੇ. ਲੰਗੜੋਆ ਨੇ ਦੱਸਿਆ ਕਿ ਮਿੱਟੀ ਦੀ ਪਰਖ ਦੇ ਆਧਾਰ 'ਤੇ ਖਾਦਾਂ ਦੀ ਵਰਤੋਂ ਕਿਵੇਂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਲੰਬੇ ਸਮੇਂ ਤੱਕ ਬਰਕਰਾਰ ਰੱਖਣ,



ਪੌਸ਼ਟਿਕ ਤੱਤਾਂ ਦੇ ਅਸੰਤੁਲਨ ਨੂੰ ਰੋਕਣ, ਕਿਸਾਨਾਂ ਦੀ ਲਾਗਤ ਘਟਾਉਣ ਅਤੇ ਟਿਕਾਊ ਝਾੜ ਪ੍ਰਾਪਤ ਕਰਨ ਵਿੱਚ ਮਦਦਗਾਰ ਹੁੰਦੀ ਹੈ।

ਇੰਨਪੁੱਟ ਡੀਲਰਾਂ ਨਾਲ ਸਿੱਧੀ ਗੱਲਬਾਤ ਦੌਰਾਨ ਡਾ. ਲੇਖ ਰਾਜ, ਮੁੱਖ ਖੇਤੀਬਾੜੀ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ ਨੇ ਰਸਾਇਣਕ ਖਾਦਾਂ, ਜੈਵਿਕ ਖਾਦਾਂ ਅਤੇ ਬਾਇਓ-ਫਰਟੀਲਾਈਜ਼ਰਾਂ ਦੀ ਪੂਰਕ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵੱਖ-ਵੱਖ ਫ਼ਸਲੀ ਚੱਕਰਾਂ ਲਈ ਖਾਦਾਂ ਦੀ ਸਹੀ ਮਾਤਰਾ, ਸਮਾਂ ਅਤੇ ਵਰਤੋਂ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਦੱਸਿਆ।

ਡਾ. ਜਸਵਿੰਦਰ ਕੁਮਾਰ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਖੇਤਾਂ ਵਿੱਚ ਜੈਵਿਕ ਮਾਦਾ ਵਧਾਉਣ, ਮਿੱਟੀ ਦੀ ਬਣਤਰ ਅਤੇ ਪਾਣੀ ਸੰਭਾਲਣ ਦੀ ਸਮਰੱਥਾ ਵਿੱਚ ਸੁਧਾਰ ਕਰਨ ਲਈ ਹਰੀ ਖਾਦ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਵਾਹੁਣ ਦੇ ਫਾਇਦਿਆਂ ਬਾਰੇ ਚਾਨਣਾ ਪਾਇਆ। ਪ੍ਰੋਗਰਾਮ ਦੌਰਾਨ ਡਾ. ਬਲਜੀਤ ਸਿੰਘ, ਸਹਾਇਕ ਪ੍ਰੋਫੈਸਰ (ਕੀਟ ਵਿਗਿਆਨ) ਨੇ ਝੋਨੇ ਵਿੱਚ ਬੌਣੇਪਣ ਦੀ ਬਿਮਾਰੀ (dwarifng disease) ਦੀ ਪਛਾਣ, ਇਸਦੇ ਫੈਲਾਅ ਅਤੇ ਇਸਨੂੰ ਫੈਲਾਉਣ ਵਾਲੇ ਕੀੜਿਆਂ (ਵੈਕਟਰ) ਨੂੰ ਕਾਬੂ ਕਰਨ ਦੇ ਉਪਾਵਾਂ ਬਾਰੇ ਲੈਕਚਰ ਦਿੱਤਾ।

ਡਾ. ਲਛਮਣ ਦਾਸ ਅਤੇ ਡਾ. ਰਾਜ ਕੁਮਾਰ, ਖੇਤੀਬਾੜੀ ਅਫ਼ਸਰਾਂ ਨੇ ਇੰਨਪੁੱਟ ਡੀਲਰਾਂ ਨੂੰ ਅਪੀਲ ਕੀਤੀ ਕਿ ਉਹ ਸਿਖਲਾਈ ਦੇ ਮੁੱਖ ਸੁਨੇਹਿਆਂ ਨੂੰ ਕਿਸਾਨ ਭਾਈਚਾਰੇ ਤੱਕ ਪਹੁੰਚਾਉਣ ਲਈ ਮੋਹਰੀ ਰੋਲ ਅਦਾ ਕਰਨ ਕਰਨ। ਉਨ੍ਹਾਂ ਡੀਲਰਾਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਕਿਸਾਨਾਂ ਨੂੰ ਢੁਕਵੀਆਂ ਜੈਵਿਕ ਖਾਦਾਂ ਦੀ ਸਿਫ਼ਾਰਸ਼ ਕਰਨ ਅਤੇ ਖਾਦਾਂ ਦੀ ਸਹੀ ਖੁਰਾਕ ਤੇ ਵਰਤੋਂ ਦੇ ਤਰੀਕਿਆਂ ਬਾਰੇ ਸਲਾਹ ਦੇ ਕੇ ਸਹਿਯੋਗ ਕਰਨ। ਸਮਾਗਮ ਦੇ ਅੰਤ ਵਿੱਚ ਹਾਜ਼ਰੀ ਡੀਲਰਾਂ ਨੇ ਸਿੱਖੀਆਂ ਗਈਆਂ ਕਿਸਾਨਾਂ ਵਿੱਚ ਗੱਲਾਂ ਨੂੰ ਵੱਧ ਤੋਂ ਵੱਧ ਪ੍ਰਚਾਰਨ ਅਤੇ ਕਿਸਾਨਾਂ ਤੱਕ ਪਹੁੰਚ ਬਣਾਉਣ ਲਈ ਕੇ.ਵੀ.ਕੇ. ਅਤੇ ਖੇਤੀਬਾੜੀ ਵਿਭਾਗ ਨਾਲ ਤਾਲਮੇਲ ਬਣਾਈ ਰੱਖਣ ਦਾ ਪ੍ਰਣ ਲਿਆ।

# ਹੋਣਹਾਰ ਵਿਦਿਆਰਥੀਆਂ ਦੇ ਸਨਮਾਨ ਲਈ ਵਿਸ਼ੇਸ਼ ਆਯੋਜਿਤ

**ਬਲਾਚੌਰ 21 ਮਈ(ਜਤਿੰਦਰ ਪਾਲ ਸਿੰਘ ਕਲੇਰ** ) ਸਰਕਾਰੀ ਮਿਡਲ ਸਮਾਰਟ ਸਕੂਲ, ਸਿਆਣਾ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ। ਸਮਾਗਮ ਦੌਰਾਨ ਉੱਘੇ ਸਮਾਜਸੇਵੀ ਡਾਕਟਰ ਜਸਦੀਪ ਸਿੰਘ ਸੈਣੀ ਵੱਲੋਂ ਅੱਠਵੀਂ ਜਮਾਤ ਵਿੱਚੋਂ ਅੱਵਲ ਰਹੇ ਵਿਦਿਆਰਥੀਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਅੱਠਵੀਂ ਜਮਾਤ ਦੀ ਵਿਦਿਆਰਥਣ ਦੀਪਾ ਕੁਮਾਰੀ ਨੂੰ ਪਹਿਲਾ ਸਥਾਨ ਪ੍ਰਾਪਤ ਕਰਨ ’ਤੇ 3100 ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਖੁਸ਼ੀ ਕੁਮਾਰੀ ਨੂੰ ਦੂਜੇ ਸਥਾਨ ਲਈ 1100ਰੁਪਏ ਅਤੇ ਪੱਲਵੀ ਤੇ ਅਲਸਿਫਾ ਨੂੰ ਤੀਜੇ ਸਥਾਨ ਲਈ 1100ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਕੂਲ ਸਟਾਫ਼ ਵੱਲੋਂ ਸੱਤਵੀਂ, ਛੇਵੀਂ ਅਤੇ ਪੰਜਵੀਂ ਜਮਾਤ ਦੇ ਪਹਿਲੇ ਅਤੇ ਦੂਜੇ ਸਥਾਨ ’ਤੇ ਰਹੇ ਵਿਦਿਆਰਥੀਆਂ ਨੂੰ ਵੀ ਨਕਦ ਇਨਾਮ ਅਤੇ ਸਟੇਸ਼ਨਰੀ ਦੇ ਕੇ ਹੌਸਲਾ



ਅਫਜ਼ਾਈ ਕੀਤੀ ਗਈ। ਸੱਤਵੀਂ ਜਮਾਤ ਵਿੱਚ ਸਿਮਰਨ ਕੌਰ ਪਹਿਲੇ ਅਤੇ ਪ੍ਰਭਜੋਤ ਕੌਰ ਦੂਜੇ ਸਥਾਨ ’ਤੇ ਰਹੇ। ਛੇਵੀਂ ਜਮਾਤ ਵਿੱਚ ਸੰਜਨਾ ਕਲੇਰ ਨੇ ਪਹਿਲਾ ਅਤੇ ਹਰਲੀਨ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਪੰਜਵੀਂ ਜਮਾਤ ਵਿੱਚ ਅਯੁਸ਼ੀ ਪਹਿਲੇ ਅਤੇ ਅਵਨੀਤ ਕੌਰ ਦੂਜੇ ਸਥਾਨ ’ਤੇ ਰਹੀ।

ਸਮਾਗਮ ਦੌਰਾਨ ਪੀ.ਟੀ.ਏ. ਅਧਿਆਪਿਕਾ ਜਯੋਤੀ ਕਲੇਰ ਨੂੰ ਸਕੂਲ ਲਈ ਨਿਭਾਈਆਂ ਜਾ ਰਹੀਆਂ ਸ਼ਾਨਦਾਰ ਸੇਵਾਵਾਂ ਲਈ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਕੂਲ ਐੱਸ.ਐੱਮ.ਸੀ. ਚੇਅਰਪਰਸਨ ਸ਼੍ਰੀਮਤੀ ਚਰਨਜੀਤ ਕੌਰ, ਸਮਾਜਸੇਵੀ ਸ਼੍ਰੀ ਗੁਰਪ੍ਰੀਤ ਸਿੰਘ (ਰਿਟਾਇਰਡ ਸੁਪਰਡੈਂਟ), ਦਾਨੀ ਸੱਜਣ ਸ਼੍ਰੀ ਹਰਬੰਸ ਕਲੇਰ, ਸ਼੍ਰੀ ਹਰਦੀਪ ਸੋਹਲ ਅਤੇ ਸ਼੍ਰੀ ਮਨਜੀਤ ਸਿੰਘ ਬੀ.ਐੱਮ. ਵਿਸ਼ੇਸ਼ ਤੌਰ ’ਤੇ ਹਾਜ਼ਰ ਰਹੇ। ਇਸ ਦੇ ਨਾਲ ਹੀ ਵਿਦਿਆਰਥੀਆਂ ਦੇ ਮਾਪੇ ਵੀ ਵੱਡੀ ਗਿਣਤੀ ਵਿੱਚ ਸਮਾਗਮ ਵਿੱਚ ਸ਼ਾਮਲ ਹੋਏ।ਸਮਾਗਮ ਦੀ ਸਟੇਜ ਸੰਚਾਲਨਾ ਸਕੂਲ ਇੰਚਾਰਜ਼ ਮਨੋਜ ਕੁਮਾਰ ਵੱਲੋਂ ਬਾਖੂਬੀ ਨਿਭਾਈ ਗਈ, ਜਦਕਿ ਅੱਠਵੀਂ ਜਮਾਤ ਦੀ ਵਿਦਿਆਰਥਣ ਸਿਮਰਨ ਕੌਰ ਨੇ ਮਹਿਮਾਨਾਂ ਦਾ ਸੁਚੱਜੇ ਢੰਗ ਨਾਲ ਸਵਾਗਤ ਕੀਤਾ। ਸਕੂਲ ਸਟਾਫ਼ ਵੱਲੋਂ ਡਾਕਟਰ ਜਸਦੀਪ ਸਿੰਘ ਸੈਣੀ ਨੂੰ ਹਰ ਸਾਲ ਮਿਲ ਰਹੇ ਸਹਿਯੋਗ ਲਈ ਧੰਨਵਾਦ ਕਰਦਿਆਂ ਵਿਸ਼ੇਸ਼ ਸਨਮਾਨ ਚਿੰਨ ਭੇਟ ਕੀਤਾ ਗਿਆ।

ਅਧਿਆਪਕ ਸ਼੍ਰੀ ਰਣਵੀਰ ਸਿੰਘ ਸਾਇੰਸ ਮਾਸਟਰ ਅਤੇ ਸ਼੍ਰੀ ਸੰਜੀਵ ਕੁਮਾਰ ਨੇ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਆਏ ਹੋਏ ਮਹਿਮਾਨਾਂ ਤੇ ਮਾਪਿਆਂ ਦਾ ਧੰਨਵਾਦ ਕੀਤਾ।

# ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅਮਲਾਲਾ ਅਤੇ ਚੰਡਿਆਲਾ ਤੋਂ ਸ਼ਰਧਾਲੂਆਂ ਦੀਆਂ 43ਵੀਂ ਅਤੇ 44ਵੀਂ ਬੱਸਾਂ ਨੂੰ ਹਰੀ ਝੰਡੀ

**ਡੇਰਾਬੱਸੀ, 21 ਮਈ :(ਸੰਜੀਵ ਸਿੰਘ ਸੈਣੀ)** ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਅੱਜ ਪਿੰਡ ਅਮਲਾਲਾ ਅਤੇ ਚੰਡਿਆਲਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਦੀਆਂ 43ਵੀਂ ਅਤੇ 44ਵੀਂ ਬੱਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਇਹ ਯੋਜਨਾ ਬਜ਼ੁਰਗਾਂ ਅਤੇ ਸ਼ਰਧਾਲੂਆਂ ਲਈ ਬਹੁਤ ਹੀ ਲਾਭਕਾਰੀ ਸਾਬਤ ਹੋ ਰਹੀ ਹੈ। ਇਸ ਯੋਜਨਾ ਰਾਹੀਂ ਸ਼ਰਧਾਲੂਆਂ ਨੂੰ ਵੱਖ-ਵੱਖ ਪਵਿੱਤਰ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਹਿਰਾ ਮੌਕਾ ਮਿਲ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਯਾਤਰਾ ਦੌਰਾਨ ਸ਼ਰਧਾਲੂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਵਿੱਤਰ ਦਰਸ਼ਨ ਕਰਨਗੇ ਅਤੇ ਸਰਕਾਰ ਵੱਲੋਂ ਯਾਤਰੀਆਂ ਲਈ ਸਾਰੀਆਂ ਜ਼ਰੂਰੀ



ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਮੌਜੂਦ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਯੋਜਨਾ ਨਾਲ ਉਨ੍ਹਾਂ ਨੂੰ ਬਿਨਾਂ ਕਿਸੇ ਆਰਥਿਕ ਬੋਝ ਤੋਂ ਪਵਿੱਤਰ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਇਸ ਪਰਉਪਕਾਰੀ ਉਪਰਾਲੇ ਲਈ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਸਰਪੰਚ ਸਾਹਿਬਾਨ,ਇਲਾਕੇ ਦੇ ਪਤਵੰਤੇ ਵਿਅਕਤੀ ਅਤੇ ਸ਼ਰਧਾਲੂ ਹਾਜ਼ਰ ਸਨ।

# ਫ਼ਲਦਾਰ ਬੂਟਿਆਂ ਅਤੇ ਸਬਜ਼ੀਆਂ ਨੂੰ ਵਧਦੇ ਤਾਪਮਾਨ ਤੋਂ ਬਚਾਉਣਾ ਜਰੂਰੀ: ਸਹਾਇਕ ਡਾਇਰੈਕਟਰ

**ਨਵਾਂਸ਼ਹਿਰ, 21 ਮਈ (ਜਤਿੰਦਰ ਪਾਲ ਸਿੰਘ ਕਲੇਰ )** ਗਰਮੀ ਦੀ ਰੁੱਤ ਵਿੱਚ ਸਦਾਬਹਾਰ ਫ਼ਲਦਾਰ ਬੂਟੇ ਜਿਵੇਂ ਕਿ ਅੰਬ,ਲੀਚੀ, ਪਪੀਤਾ, ਕੇਲਾ ਅਤੇ ਨਿੰਬੂ ਜਾਤੀ ਦੇ ਬੂਟਿਆਂ ’ਤੇ ਵਧਦੇ ਤਾਪਮਾਨ ਦਾ ਅਸਰ ਵਧੇਰੇ ਵੇਖਣ ਨੂੰ ਮਿਲਦਾ ਹੈ। ਇਹ ਜਾਣਕਾਰੀ ਡਾ. ਰਾਜੇਸ਼ ਕੁਮਾਰ ਸਹਾਇਕ ਡਾਇਰੈਕਟਰ ਬਾਗਬਾਨੀ ਸ਼ਹੀਦ ਭਗਤ ਸਿੰਘ ਨਗਰ ਨੇ ਦਿੰਦਿਆ ਦੱਸਿਆ ਕਿ ਵਧਦੇ ਤਾਪਮਾਨ ਕਾਰਨ ਫ਼ਲਾਂ ’ਤੇ ਧੱਬੇ ਪੈ ਜਾਂਦੇ ਹਨ ਅਤੇ ਪੱਤੇ ਝੂਲਸ ਜਾਂਦੇ ਹਨ। ਕਈ ਵਾਰ ਬਾਗਬਾਨ ਇਸ ਝੁਲਸ ਰੋਗ ਨੂੰ ਤੱਤਾਂ ਦੀ ਘਾਟ ਦਾ ਭੁਲੇਖਾ ਪੈ ਜਾਂਦਾ ਹੈ। ਗਰਮੀ ਦਾ ਕਹਿਰ ਦੱਖਣ ਦਿਸ਼ਾ ਵਾਲੇ ਪੱਤਿਆਂ ਉੱਪਰ ਵਧੇਰੇ ਨਜ਼ਰ ਆਉਂਦਾ ਹੈ। ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਬੂਟਾ ਲਾਉਣ ਸਮੇਂ ਕਿਸੇ ਕੰਧ ਦੇ ਨੇੜੇ ਨਾ ਲਗਾਇਆ ਜਾਵੇ ਕਿਉਂਕਿ ਕੰਧ ਦੇ ਸੇਕ ਨਾਲ ਬੂਟਾ ਝੂਲਸ ਜਾਂਦਾ ਹੈ ਅਤੇ ਇੱਕ ਪਾਸਿਓਂ ਮਰਨਾ ਸ਼ੁਰੂ ਹੋ ਜਾਂਦਾ ਹੈ। ਗਰਮੀਆਂ ਵਿੱਚ ਬਾਗ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਬੂਟਿਆਂ ਦਾ ਵਾਧਾ ਸਹੀ ਢੰਗ ਨਾਲ ਹੋਵੇ।

ਉਨ੍ਹਾਂ ਨੇ ਕਿਹਾ ਕਿ ਹਲਕੀ ਤੇ ਥੋੜ੍ਹੇ ਵਕਫੇ ’ਤੇ ਸਿੰਚਾਈ ਮਿੱਟੀ ਦੀ ਨਮੀ ਬਰਕਰਾਰ ਰੱਖਦੀ ਹੈ, ਪਾਣੀ ਲਗਾਉਣ ਨਾਲ ਤਾਪਮਾਨ ਵਿੱਚ ਘਾਟਾ ਹੁੰਦਾ ਹੈ ਅਤੇ ਮਿੱਟੀ ਤੇ ਹਵਾ ਵਾਸ਼ਪੀਕਰਨ ਨਾਲ ਠੰਢੇ ਹੋ ਜਾਂਦੇ ਹਨ ਅਤੇ ਬੂਟਿਆਂ ਨੂੰ ਠੰਢਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਬੂਟਿਆਂ ਨੂੰ ਪਾਣੀ ਸ਼ਾਮ ਦੇ ਟਾਇਮ ਤੇ ਲਗਾਉਣਾ ਚਾਹੀਦਾ ਹੈ। ਬੂਟਿਆਂ ਦੇ ਤਣਿਆਂ ’ਤੇ ਚਿੱਟੇ ਰੰਗ ਦੀ ਸਫੈਦੀ ਕਰਨ ਨਾਲ ਫਲਦਾਰ ਬੂਟੇ ਗਰਮੀ ਦੇ ਬੁਰੇ ਪ੍ਰਭਾਵ ਤੋਂ ਬਚ ਜਾਂਦੇ ਹਨ। ਜੇ ਚਿੱਟੀ ਸਫੈਦੀ ਵਿੱਚ ਨੀਲਾ ਥੋਥਾ ਮਿਲਾ ਦਿੱਤਾ ਜਾਵੇ ਤਾਂ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਤੋਂ ਵੀ ਬਚਾਅ ਹੋ ਜਾਂਦਾ ਹੈ। ਗਰਮੀਆਂ ਸ਼ੁਰੂ ਹੋਣ ’ਤੇ ਹੀ ਸਫੈਦੀ ਕਰ ਦੇਣੀ ਚਾਹੀਦੀ ਹੈ ਅਤੇ ਲੋੜ ਪੈਣ ’ਤੇ ਇਸ ਨੂੰ ਦੋਹਰਾ ਦੇਣਾ ਚਾਹੀਦਾ ਹੈ ਤਾਂ ਜੋ ਇਸ ਦਾ ਅਸਰ ਬਣਿਆ ਰਹੇ ਕਿਉਂਕਿ ਚਿੱਟਾ ਰੰਗ ਰੋਸ਼ਨੀ ਨੂੰ ਜਜਬ ਨਹੀਂ ਹੋਣ ਦਿੰਦਾ। ਸਹਾਇਕ ਡਾਇਰੈਕਟਰ ਬਾਗਬਾਨੀ ਨੇ ਦੱਸਿਆ ਕਿ ਨਵੇਂ ਲਗਾਏ ਹੋਏ ਬੂਟਿਆਂ ਉਪਰ ਸਰਕੰਡਾ ਜਾਂ ਪਰਾਲੀ ਦੀ ਕੁੱਲੀ ਬਣਾ ਦਿੱਤੀ ਜਾਵੇ ਤਾਂ ਗਰਮੀ ਰੁੱਤ ਵਿੱਚ ਸਿੱਧੀ ਧੁੱਪ ਤੋਂ ਬਚਿਆਂ ਜਾ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਬੂਟਿਆਂ ਨੂੰ ਠੰਢਕ ਵੀ ਮਿਲਦੀ ਹੈ ਅਤੇ ਉਨ੍ਹਾਂ ਦਾ ਵਾਧਾ ਸਹੀ ਹੁੰਦਾ ਹੈ। ਕਾਂਟ-ਛਾਂਟ ਕਰਕੇ ਬੂਟਿਆਂ ਨੂੰ ਨੀਵੇਂ ਰੱਖਿਆਂ ਜਾਵੇ ਤਾਂ ਇਹ ਸੂਰਜ ਦੀਂ ਕਿਰਨਾਂ ਦੇ ਪ੍ਰਕੋਪ ਤੋਂ ਕੁਝ ਹੱਦ ਤੱਕ ਬਚ ਜਾਂਦੇ ਹਨ। ਉੱਚੇ ਬੂਟਿਆਂ ਤੇ ਸੂਰਜ ਦੀ ਗਰਮੀ ਜ਼ਿਆਦਾ ਪੈਣ ਕਰਕੇ ਇਹ ਜਲਦੀ ਝੁਲਸ ਜਾਂਦੇ ਹਨ। ਉਨ੍ਹਾਂ ਕਿਹਾ ਕਿ ਪਰਾਲੀ, ਸੁੱਕੇ ਘਾਹ ਅਤੇ ਪੱਤਿਆਂ ਨਾਲ ਬੂਟਿਆਂ ਦੇ ਦੌਰਾਂ ਨੂੰ ਢਕਿਆ ਜਾਵੇ ਤਾਂ ਕਾਫੀ ਮਾਤਰਾ ਤੱਕ ਮਿੱਟੀ ਵਿੱਚ ਨਮੀ ਬਰਕਰਾਰ ਰਹਿੰਦੀ ਹੈ। ਇਸ ਵਿਧੀ ਨਾਲ ਬੂਟੇ ਦੇ ਆਲੇ-ਦੁਆਲੇ ਦੇ ਤਾਪਮਾਨ ਵਿੱਚ ਵੀ ਗਿਰਾਵਟ ਆਉਂਦੀ ਹੈ ਅਤੇ ਨਦੀਨਾਂ ਦੀ ਉਪਜਾਊ ਸ਼ਕਤੀ ਵੀ ਘਟਦੀ ਹੈ। ਜੇ ਹਵਾ ਰੋਕੂ ਵਾੜ ਬਾਗ ਦੇ ਪੱਛਮ ਵਾਲੇ ਪਾਸੇ ਲਗਾਈ ਜਾਵੇ ਤਾਂ ਬੂਟਿਆਂ ਨੂੰ ਗਰਮ ਤੇ ਖੁਸ਼ਕ ਹਵਾਵਾਂ ਦੇ ਪ੍ਰਕੋਪ ਤੋਂ ਬਚਾਇਆ ਜਾ ਸਕਦਾ ਹੈ। ਵੱਡੇ ਅਤੇ ਉੱਚੇ ਬੂਟੇ ਜਿਵੇਂ ਜਾਮਣ, ਅੰਬ, ਟਾਹਲੀ,ਬਿੱਲ ਆਦਿ ਬੂਟੇ ਬਾਗ ਦੇ ਦੁਆਲੇ ਲਾ ਕੇ ਵੀ ਹਵਾ ਰੋਕੂ ਵਾੜ ਬਣਾਈ ਜਾ ਸਕਦੀ ਹੈ। ਅਜਿਹੇ ਬੂਟੇ ਹਨੇਰੀਆਂ ਦੇ ਨੁਕਸਾਨ ਤੋਂ ਬਾਗ ਨੂੰ ਬਚਾਉਂਦੇ ਹਨ।





# ਪੰਜਾਬ ਵਿੱਚ ਹੋਣ ਵਾਲੇ ਵਿਧਾਨ ਸਭਾ 2027 ਦੇ ਇਲੈਕਸ਼ਨ ਬਸਪਾ ਮਜ਼ਬੂਤੀ ਨਾਲ ਲੜੇਗੀ - ਐਡਵੋਕੇਟ ਪਲਵਿੰਦਰ ਮਾਨਾ

**ਚੱਬੇਵਾਲ (ਚਰਨਜੀਤ ਸੱਲ੍ਹਾ )** ਮਿਤੀ 19/05/2026 ਨੂੰ ਹਲਕਾ ਚੱਬੇਵਾਲ ਦੇ ਜੋਨ ਬਾੜੀਆਂ ਕਲਾਂ ਦੇ ਅਹੁਦੇਦਾਰਾਂ ਦੀ ਇਕ ਵਿਸ਼ੇਸ਼ ਅਤੇ ਅਹਿਮ ਮੀਟਿੰਗ ਸ ਦਵਿੰਦਰ ਸਿੰਘ ਇੰਚਾਰਜ ਬਾਮਸੇਫ ਹਲਕਾ ਚੱਬੇਵਾਲ ਜੀ ਦੇ ਗ੍ਰਹਿ ਪਿੰਡ ਬਾਹੋਵਾਲ ਵਿਖੇ ਰਾਕੇਸ਼ ਕਿਟੀ ਜੀ ਜਿਲਾ ਸਕੱਤਰ ਤੇ ਜੋਨ ਇੰਚਾਰਜ ਅਤੇ ਜਸਵਿੰਦਰ ਜੱਸੀ ਖਾਨਪੁਰ ਜੋਨ ਇੰਚਾਰਜ ਜੀ ਦੀ ਅਗਵਾਈ ਵਿੱਚ ਹੋਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਐਡਵੋਕੇਟ ਪਲਵਿੰਦਰ ਮਾਨਾ ਜੀ ਜਿਲਾ ਇੰਚਾਰਜ ਅਤੇ ਇੰਚਾਰਜ ਬਸਪਾ ਹਲਕਾ ਚੱਬੇਵਾਲ ਜੀ ਅਤੇ ਬੀਬੀ ਕ੍ਰਿਸ਼ਨਾ ਜੀ ਜਿਲਾ ਇੰਚਾਰਜ ਮਹਿਲਾ ਵਿੰਗ ਹੁਸ਼ਿ. ਪੁਹੰਚੇ।

ਇਸ ਮੌਕੇ ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਬਸਪਾ ਹਲਕਾ ਚੱਬੇਵਾਲ ਦੇ ਜੋਨ ਬਾੜੀਆਂ ਕਲਾਂ ਨੂੰ ਮਜ਼ਬੂਤ ਕਰਦੇ ਹੋਏ ਬੀਬੀ ਰਾਜ ਰਾਣੀ ਅਤੇ ਬੀਬੀ ਕਮਲੇਸ਼ ਦੇਵੀ ਨੂੰ ਜੋਨ ਇੰਚਾਰਜ ਨਿਯੁਕਤ ਕੀਤਾ ਅਤੇ ਨਵਨਿਜੁਕਤ ਅਹੁਦੇਦਾਰਾਂ ਨੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦੇ ਵਿਸ਼ਵਾਸ ਦਿਵਾਇਆ ਕਿ ਉਹ ਜੋਨ ਬਾੜੀਆਂ ਕਲਾਂ ਦੇ ਹਰ ਇਕ ਪਿੰਡ ਵਿਚ ਪੁਹੰਚ ਕਰਕੇ ਬਸਪਾ ਦੇ ਮਹਿਲਾ ਵਰਗ ਦੇ ਸੰਗਠਨ ਨੂੰ



ਮਜ਼ਬੂਤ ਕਰਨ ਲਈ ਦਿਨ ਰਾਤ ਮਿਹਨਤ ਕਰਨਗੇ। ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਅਤੇ ਬੀਬੀ ਕ੍ਰਿਸ਼ਨਾ ਜੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਜਲਦ ਹੀ ਹਲਕਾ ਚੱਬੇਵਾਲ ਵਿੱਚ ਬਸਪਾ ਦਾ ਮਹਿਲਾ ਵਰਗ ਦਾ ਵੱਡੇ ਪੱਧਰ ਤੇ ਮਜ਼ਬੂਤ ਸੰਗਠਨ ਬਣਾਇਆ ਜਾਵੇਗਾ ੀ ਐਡੋਵੋਕੇਟ ਮਾਨਾ ਜੀ ਦਸਿਆ ਕਿ ਬਹੁਜਨ ਸਮਾਜ ਪਾਰਟੀ ਵਲੋ 2027 ਦਾ ਵਿਧਾਨ ਸਭਾ ਦਾ ਇਲੈਕਸ਼ਨ ਬੜੀ ਮਜ਼ਬੂਤੀ ਨਾਲ ਲੜਿਆ ਜਾਵੇਗਾ, ਬਸਪਾ ਦੀ ਲੀਡਰਸ਼ਿਪ ਜ਼ਮੀਨੀ ਪੱਧਰ ਤੇ ਮਿਹਨਤ ਕਰ ਰਹੀ ਹੈ ਅਤੇ 2027 ਦੇ ਇਲੈਕਸ਼ਨ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜ਼ਮੀਨੀ ਪੱਧਰ ਤੇ ਪਿੰਡਾ ਵਿੱਚ ਸੰਗਠਨ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਬਸਪਾ ਵਲੋਂ ਚਲਾਈ ਪੰਜਾਬ ਸੰਭਾਲੋ ਮੁਹਿੰਮ ਨੂੰ ਘਰ ਘਰ ਪਹੁੰਚਾਇਆ ਜਾਵੇਗਾ । ਇਸਦੇ ਮੱਦੇਨਜਰ ਅੱਜ ਹਲਕਾ ਚੱਬੇਵਾਲ ਦੇ ਜੋਨ ਬਾੜੀਆਂ ਕਲਾਂ ਵਿੱਚ ਸੰਗਠਨ ਨੂੰ ਮਜ਼ਬੂਤ ਕਰਦੇ ਹੋਏ ਪਾਰਟੀ ਦੀਆਂ ਸੀਨੀਅਰ ਮਹਿਲਾਵਾਂ ਨੂੰ ਜ਼ੁੰਮੇਵਾਰੀ ਸੋਂਪੀ ਹੈ । ਇਸੀ ਤਰ੍ਹਾਂ ਹਲਕਾ ਚੱਬੇਵਾਲ ਵਿੱਚ ਮਹਿਲਾਵਾਂ ਦਾ ਸੰਗਠਨ ਮਜ਼ਬੂਤ ਕੀਤਾ ਜਾਵੇਗਾ ਅਤੇ 2027 ਵਿੱਚ ਹਲਕਾ ਚੱਬੇਵਾਲ ਦੀ ਸੀਟ ਜਿੱਤ ਕੇ ਬਸਪਾ ਦੀ ਝੋਲੀ ਪਾਵਾਂਗੇ ੀ ਬਸਪਾ ਯੂਨਿਟ ਬਾਹੋਵਾਲ ਦੀ ਟੀਮ ਨੇ ਐਡਵੋਕੇਟ ਪਲਵਿੰਦਰ ਮਾਨਾ ਜੀ ਅਤੇ ਬੀਬੀ ਕ੍ਰਿਸ਼ਨਾ ਜੀ ਦਾ ਸਿਰਪਾਓ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ।ਇਸ ਮੌਕੇ ਹਾਜਰ ਸਾਥੀਆ ਵਿਚ, ਵਿਕੀ ਬੰਗਾ ਭੜਢ, ਬਲਵੰਤ ਸਹਿਗਲ ਜੀ ੌਰਗਓਨਿਜ਼ੲ ਸਕੱਤਰ, ਰਾਜੇਸ਼ ਭੁੰਨੋ ਹਲਕਾ ਖਜਾਨਚੀ, ਚੰਦਨ ਸਿੰਘ ਸੈਕਟਰ ਪ੍ਰਧਾਨ, ਪ੍ਰੇਮ ਲਾਲ, ਸਤਨਾਮ ਸਿੰਘ ਸਾਬਕਾ ਸਰਪੰਚ, ਅਮਰਜੀਤ ਸਿੰਘ, ਭੁਪਿੰਦਰ ਸਿੰਘ , ਮਨਪ੍ਰੀਤ ਸਿੰਘ ਅਤੇ ਵੱਡੀ ਗਿਣਤੀ ਵਿਚ ਬੀਬੀਆਂ ਅਤੇ ਹੋਰ ਵੀ ਸਾਥੀ ਮੌਕੇ ਤੇ ਹਾਜਰ ਸਨ।

# ਸਫ਼ਾਈ ਕਰਮਚਾਰੀਆਂ ਦੀ ਹੜਤਾਲ ਖ਼ਤਮ, ਸਰਕਾਰ ਨੇ ਮੰਨੀਆਂ 3 ਵੱਡੀਆਂ ਮੰਗਾਂ

**ਮੋਰਿੰਡਾ 21 ਮਈ (ਸੁਖਵਿੰਦਰ ਸਿੰਘ ਹੈਪੀ)**-ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਸਫ਼ਾਈ ਕਰਮਚਾਰੀਆਂ ਦੀ ਚੱਲ ਰਹੀ ਹੜਤਾਲ ਅੱਜ ਖ਼ਤਮ ਹੋ ਗਈ ਹੈ। ਵਿੱਤ ਮੰਤਰੀ ਅਤੇ ਸਥਾਨਕ ਸਰਕਾਰਾਂ ਮੰਤਰੀ ਦੀ ਪ੍ਰਧਾਨਗੀ ਹੇਠ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਨਾਲ 21 ਮਈ ਨੂੰ ਹੋਈ ਮੀਟਿੰਗ ਵਿੱਚ ਸਰਕਾਰ ਨੇ ਮੁਲਾਜ਼ਮਾਂ ਦੀਆਂ ਅਹਿਮ ਮੰਗਾਂ ਮੰਨ ਲਈਆਂ। ਡਾਇਰੈਕਟੋਰੇਟ ਸਥਾਨਕ ਸਰਕਾਰ ਪੰਜਾਬ ਵੱਲੋਂ ਜਾਰੀ ਪੱਤਰ ਅਨੁਸਾਰ ਸਫ਼ਾਈ ਸੇਵਕ, ਸੀਵਰਮੈਨ, ਡਰਾਈਵਰ, ਮਾਲੀ, ਬੇਲਦਾਰ, ਪੰਪ ਓਪਰੇਟਰ ਵਰਗੇ ਕੰਮ ਕਰਨ ਵਾਲੇ ਕਰਮਚਾਰੀ ਜੋ ਆਊਟਸੋਰਸ 'ਤੇ ਕੰਮ ਕਰ ਰਹੇ ਹਨ, 3 ਸਾਲ ਦੀ ਸੇਵਾ ਪੂਰੀ ਕਰਨ 'ਤੇ ਕੰਟਰੈਕਟ 'ਤੇ ਲਏ ਜਾਣਗੇ। ਕਲਰਕ ਅਤੇ ਕੰਪਿਊਟਰ ਓਪਰੇਟਰ ਲਈ ਇਹ ਮਿਆਦ 5 ਸਾਲ ਰੱਖੀ ਗਈ ਹੈ। ਇਸ ਦੇ ਨਾਲ ਹੀ 3 ਸਾਲ ਦੀ ਸੇਵਾ ਵਾਲੇ ਕੰਟਰੈਕਟ ਕਰਮਚਾਰੀਆਂ ਨੂੰ ਰੈਗੂਲਰ ਕਰਨ ਲਈ ਸਥਾਨਕ ਸਰਕਾਰ ਮੰਤਰੀ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਹੈ ਜੋ 30 ਦਿਨਾਂ ਵਿੱਚ ਰਿਪੋਰਟ ਦੇਵੇਗੀ। ਇਹ ਕਮੇਟੀ ਕੱਚੇ ਮੁਲਾਜ਼ਮਾਂ ਦੀ ਤਨਖ਼ਾਹ ਵਿੱਚ ਵਾਧੇ ਸਬੰਧੀ ਵੀ ਰਿਪੋਰਟ ਪੇਸ਼ ਕਰੇਗੀ। ਸਰਕਾਰ ਨੇ ਇਹ ਵੀ ਫ਼ੈਸਲਾ ਕੀਤਾ ਹੈ ਕਿ ਹੜਤਾਲ 'ਤੇ ਰਹੇ ਕੱਚੇ, ਪੱਕੇ, ਆਊਟਸੋਰਸ ਅਤੇ ਠੇਕੇਦਾਰੀ ਕਰਮਚਾਰੀਆਂ ਦੀ ਹੜਤਾਲ ਸਮੇਂ ਦੀ ਤਨਖ਼ਾਹ ਵਿੱਚ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ। ਇਹ ਫ਼ੈਸਲੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਕਰਮਚਾਰੀਆਂ 'ਤੇ ਵੀ ਲਾਗੂ ਹੋਣਗੇ। ਮੀਟਿੰਗ ਵਿੱਚ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਦੇ ਲਗਭਗ 35 ਨੁਮਾਇੰਦਿਆਂ ਨੇ ਹਿੱਸਾ ਲਿਆ। ਕਮੇਟੀ ਨੇ ਭਰੋਸਾ ਦਿੱਤਾ ਕਿ 21 ਮਈ ਤੋਂ ਹੀ ਸ਼ਹਿਰੀ ਸੰਸਥਾਵਾਂ ਵਿੱਚ ਚੱਲਦੀ ਹੜਤਾਲ ਖ਼ਤਮ ਕੀਤੀ ਜਾਂਦੀ ਹੈ। ਪਿਛਲੇ ਕਈ ਦਿਨਾਂ ਤੋਂ ਹੜਤਾਲ ਕਾਰਨ ਸ਼ਹਿਰਾਂ ਵਿੱਚ ਸਫ਼ਾਈ ਵਿਵਸਥਾ ਠੱਪ ਸੀ। ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਐਕਸ਼ਨ ਕਮੇਟੀ ਦੀਆਂ ਹੋਰ ਮੰਗਾਂ 'ਤੇ ਵੀ ਵਿਚਾਰ ਕਰਕੇ ਜਲਦ ਫ਼ੈਸਲੇ ਲਏ ਜਾਣਗੇ। ਹੜਤਾਲ ਖਤਮ ਹੋਣ ਤੋਂ ਸ਼ਹਿਰ ਵਿੱਚ ਥਾਂ ਥਾਂ ਲੱਗੇ ਗੰਦਗੀ ਢੇਰ ਹੁਣ ਚੁੱਕੇ ਜਾਣਗੇ ਤੇ ਸ਼ਹਿਰ ਨਿਵਾਸੀਆਂ ਨੂੰ ਸੁਖ ਦਾ ਸਾਹ ਆਵੇਗਾ।

for more news visit:
www.samajweekly.com

# ਸਾਬਕਾ ਫੁੱਟਬਾਲ ਖਿਡਾਰੀ ਦੇਸ ਰਾਜ ਗੁਰੂ ਯੂ ਐੱਸ ਏ ਤੋਂ ਆ ਕੇ ਖਿਡਾਰੀਆਂ ਨੂੰ ਹੌਸਲਾ ਦੇਣ ਪੁੱਜੇ

**ਬੰਗਾ (ਚਰਨਜੀਤ ਸੱਲ੍ਹਾ** )ਕੱਲ੍ਹ ਬਹੁਤ ਹੀ ਖੁਸ਼ੀ ਹੋਈ ਜਦੋਂ ਮੰਗੂਵਾਲ ਦਾ ਸਾਬਕਾ ਫੁੱਟਬਾਲ ਖਿਡਾਰੀ ਦੇਸ ਰਾਜ ਗੁਰੂ ਯੂ ਐੱਸ ਏ ਤੋਂ ਆ ਕੇ ਜਸਵਿੰਦਰ ਗੁਰੂ ਉਰਫ ਪੋਲੇ ਨੂੰ ਲੈ ਕੇ ਗਰਾਊਂਡ ਵਿੱਚ ਪੁੱਜੇ। ਇਸ ਗੱਲ ਦਾ ਇਜ਼ਹਾਰ ਖੇਡ ਲੇਖਕ ਤੇ ਫੁੱਟਬਾਲ ਕੋਚ ਸਰਬਜੀਤ ਮੰਗੂਵਾਲ ਨੇ ਕੀਤਾ। ਉਨ੍ਹਾਂ ਦੱਸਿਆ ਕਿ ਦੇਸ ਰਾਜ ਗੁਰੂ ਦੇ ਤਿੰਨ ਵੱਡੇ ਭਰਾ ਰਾਮ ਲਾਲ, ਬਖਸ਼ੀਸ ਰਾਮ ਅਤੇ ਨਿੰਦਰ ਵੀ ਸਾਡੇ ਨਾਲ ਮੇਰੇ ਪਿੰਡ ਦੀ ਮੇਨ ਟੀਮ ਵਿੱਚ ਖੇਡਦੇ ਰਹੇ ਹਨ। ਬੇਸ਼ੱਕ ਹੁਣ ਦੇਸ ਰਾਜ 25 ਸਾਲ ਬਾਅਦ ਯੂ ਐੱਸ ਏ ਤੋਂ ਪਿੰਡ ਆਏ ਹਨ। ਫਿਰ ਵੀ ਫੁੱਟਬਾਲ ਖੇਡ ਤੇ ਖਿਡਾਰੀਆਂ ਦੇ ਨਾਲ ਮੋਹ ਉਸੇ ਤਰ੍ਹਾਂ ਝਲਕ ਰਿਹਾ ਹੈ। ਦੇਸ ਰਾਜ ਗੁਰੂ ਨੇ ਕਿਹਾ ਕਿ ਖਿਡਾਰੀ ਵਾਸਤੇ ਖੇਡ ਇੱਕ ਤਪੱਸਿਆ ਹੈ। ਵਧੀਆ ਪਲੇਅਰ ਬਣਨ ਲਈ ਮਿਹਨਤ ਕਰਨੀ ਪੈਂਦੀ ਹੈ। ਜਿਸ ਨਾਲ ਪਿੰਡ ਦਾ ਨਾਂ ਰੌਸ਼ਨ ਹੁੰਦਾ ਹੈ। ਮੈਂ ਤੁਹਾਡੀ ਹਰ ਤਰ੍ਹਾਂ ਪਹਿਲਾਂ ਵਾਂਗ ਹੀ ਸੇਵਾ ਕਰਨ ਲਈ ਤਿਆਰ ਹਾਂ। ਇਸ ਮਗਰੋਂ ਸਰਬਜੀਤ ਮੰਗੂਵਾਲ ਨੇ ਦੇਸ ਰਾਜ ਗੁਰੂ ਨੂੰ ਆਪਣੀ ਕਿਤਾਬ ' ਫੁੱਟਬਾਲ ਦੇ ਅੰਗ ਸੰਗ ' ਭੇਂਟ ਕੀਤੀ। ਇਸ ਦੇ ਨਾਲ ਹੀ ਅਕੈਡਮੀ ਦੇ ਕੋਚ ਅਰਿੰਦਰ ਮਨੀ ਅਤੇ ਜਸਵੀਰ ਸਿੰਘ ਜੱਸੀ ਨੰਬਰਦਾਰ ਵਲੋਂ ਵੀ ਦੇਸ ਰਾਜ ਗੁਰੂ ਦਾ ਗਰਾਊਂਡ ਵਿੱਚ ਆਉਂਣ ਤੇ ਧੰਨਵਾਦ ਕੀਤਾ। ਇਸ ਮੌਕੇ ਕੋਚ ਅਰਿੰਦਰ ਮਨੀ ਅਤੇ ਖਿਡਾਰੀਆਂ ਦੇ ਪੇਰੈਂਟਸ ਭਿੰਦਾ ਖਟਕੜ, ਗੋਗਾ, ਬੀਰੂ, ਪੋਲੇ ਸਮੇਤ ਲਖਵਿੰਦਰ ਕੁਮਾਰ ਵੀ ਮੌਜੂਦ ਸਨ।



# ਪਿੰਡ ਸੱਲ੍ਹ ਕਲ੍ਹਾ ਦੇ ਪ੍ਰਾਇਮਰੀ ਸਕੂਲ ਦੇ ਲਈ ਹੱਥ ਧੋਣ ਵਾਲਾਂ ਸਟੇਸ਼ਨ ਦੀ ਸੇਵਾ ਕੀਤੀ-ਗਰਚਾ, ਬਾਗ਼ੀ





**ਬੰਗਾ 21 ਮਈ (ਚਰਨਜੀਤ ਸੱਲ੍ਹਾ** )ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਮਨੁੱਖਤਾ ਦੀ ਸੇਵਾ ਦੇ ਪਵਿੱਤਰ ਮਿਸ਼ਨ ਨੂੰ ਅੱਗੇ ਤੋਰਦਿਆਂ ਵਿਸ਼ਵ ਪੱਧਰੀ ਗ੍ਰਾਂਟ ਰਾਹੀਂ ਪ੍ਰਾਪਤ ਪੰਜ ਹੱਥ ਧੋਣ ਵਾਲੇ ਹੈਂਡ ਵਾਸ਼ ਸਟੇਸ਼ਨ ਅਤੇ ਹੱਥ ਧੋਣ ਲਈ ਸਾਬਣ ਦੀਆਂ ਪੰਦਰਾਂ ਪੇਟੀਆਂ, ਜਿਸ ਦੀ ਕੁੱਲ ਕੀਮਤ ਲਗਭਗ ਇਕ ਲੱਖ ਪੰਜਾਹ ਹਜ਼ਾਰ ਰੁਪਏ ਬਣਦੀ ਹੈ, ਨੂੰ ਵੱਖ-ਵੱਖ ਸਕੂਲਾਂ ਵਿੱਚ ਲੋਕ ਭਲਾਈ ਲਈ ਸਮਰਪਿਤ ਕੀਤਾ ਜਾ ਰਿਹਾ ਹੈ, ਜਿਸ ਤਹਿਤ ਚੌਥਾ ਹੱਥ ਧੋਣ ਵਾਲਾ ਸਟੇਸ਼ਨ ਪਿੰਡ ਸੱਲ੍ਹ ਕਲਾਂ ਦੇ ਪ੍ਰਾਇਮਰੀ ਸਕੂਲ ਵਿੱਚ ਸਥਾਪਤ ਕੀਤਾ ਗਿਆ, ਜਿਸ ਦਾ ਸੁਭ ਉਦਘਾਟਨ ਰੋਟ ਬਲਦੇਵ ਸਿੰਘ ਧੁਨੇ ਨੇ ਆਪਣੇ ਕਰ ਕਮਲਾਂ ਨਾਲ ਕੀਤਾ; ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸਫਾਈ ਅਤੇ ਸਿਹਤ ਨਾਲ ਜੁੜੀਆਂ ਆਦਤਾਂ ਹੀ ਬੱਚਿਆਂ ਦੇ ਉੱਜਵਲ ਭਵਿੱਖ ਦੀ ਨੀਂਹ ਹਨ ਅਤੇ ਅਜਿਹੇ ਉਪਰਾਲੇ ਬਿਮਾਰੀਆਂ ਤੋਂ ਬਚਾਅ ਦੇ ਨਾਲ-ਨਾਲ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਦੇ ਹਨ, ਜਦਕਿ ਕਲੱਬ ਦੇ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ, ਉਪ ਪ੍ਰਧਾਨ ਰੋਟ ਸ਼ਮਿੰਦਰ ਸਿੰਘ ਗਰਚਾ ਅਤੇ ਰੋਟ ਡਾ. ਬਲਵੀਰ ਕੁਮਾਰ (ਰਿਟਾਇਰਡ ਸਿਵਲ ਸਰਜਨ ਹੋਸ਼ਿਆਰਪੁਰ) ਨੇ ਕਲੱਬ ਦੀ ਕਾਰਗੁਜ਼ਾਰੀ ਬਾਰੇ ਦੱਸਦਿਆਂ ਕਿਹਾ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਹਮੇਸ਼ਾਂ ਸਿੱਖਿਆ, ਸਿਹਤ ਅਤੇ ਸਫਾਈ ਦੇ ਖੇਤਰ ਵਿੱਚ ਲੋਕ ਭਲਾਈ ਦੇ ਕਾਰਜਾਂ ਲਈ ਵਚਨਬੱਧ ਰਹੀ ਹੈ ਅਤੇ ਸਕੂਲਾਂ ਵਿੱਚ ਹੱਥ ਧੋਣ ਵਾਲੇ ਸਟੇਸ਼ਨ ਲਗਾਉਣਾ ਬੱਚਿਆਂ ਨੂੰ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕਰਨ ਦੀ ਇੱਕ ਮਹੱਤਵਪੂਰਨ ਕੋਸ਼ਿਸ਼ ਹੈ; ਇਸ ਮੌਕੇ ਹਾਜ਼ਰ ਸ਼ਖਸੀਅਤਾਂ ਮਹਿੰਦਰ ਸਿੰਘ ਗਰਚਾ, ਹਰਭਜਨ ਸਿੰਘ ਗਰਚਾ, ਸਾਬਕਾ ਸਰਪੰਚ ਸਰਬਜੀਤ ਕੌਰ ਸਮਾਲ ਅਤੇ ਹੋਰ ਪਤਵੰਤੇ ਸੱਜਣਾਂ ਨੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ, ਜਦਕਿ ਸਕੂਲ ਦੀ ਮੁੱਖ ਅਧਿਆਪਕਾ ਮੈਡਮ ਸੁਰਿੰਦਰ ਕੌਰ ਨੇ ਕਲੱਬ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਹੂਲਤ ਬੱਚਿਆਂ ਲਈ ਬਹੁਤ ਲਾਭਦਾ

# ਸਵ ਮੈਡਮ ਕ੍ਰਿਸ਼ਨਾ ਰਾਣੀ ਦੀ ਚੌਥੀ ਬਰਸੀ ਮੌਕੇ ਤੇ ਉਨ੍ਹਾਂ ਦੇ ਚੰਗੇ ਕੰਮਾਂ ਦੀ ਸ਼ਲਾਘਾ ਕੀਤੀ ਗਈ: ਕ੍ਰਿਪਾਲ ਸਿੰਘ ਝੱਲੀ







**(ਚਰਨਜੀਤ ਸੱਲ੍ਹਾ)** ਸਵ: ਮੈਡਮ ਕ੍ਰਿਸ਼ਨਾ ਰਾਣੀ ਦੀ ਚੋਥੀ ਬਰਸੀ 'ਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਹਿਲ ਗਹਿਲਾਂ ਦੇ ਸਮੂਹ ਸਟਾਫ ,ਸਕੂਲੀ ਬੱਚਿਆਂ ਅਤੇ ਪਰਿਵਾਰਿਕ ਮੈਂਬਰਾਂ ਵਲੋਂ ਮੈਡਮ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ ਅਤੇ ਪਰਿਵਾਰਿਕ ਮੈਂਬਰ ਥੇ ਸਮੂਹ ਸਟਾਫ ਵਲੋਂ ਮੈਡਮ ਨੂੰ ਸ਼ਰਧਾ ਦੇ ਫੁੱਲ ਵੀ ਭੇਂਟ ਕੀਤੇ ਗਏ। ਇਸ ਮੌਕੇ ਸ. ਕਿਰਪ-ਾਲ ਸਿੰਘ ਝੱਲੀ ਵਲੋਂ ਕਿਹਾ ਕਿ ਮੈਡਮ ਵਲੋਂ ਇਸ ਸਕੂਲ ਵਿੱਚ 22 ਸਾਲ ਸੇਵਾ ਕੀਤੀ ਅਤੇ ਉਨਾ ਦੀ ਸਖਤ ਮਿਹਨਤ ਨੂੰ ਅੱਜ ਵੀ ਬੱਚੇ ਯਾਦ ਕਰਦੇ ਹਨ। ਸਾਡੇ ਤੋਂ ਵਿਛੜਿਆਂ ਲੈਕਚਰਾਰ (ਹਿਸਟਰੀ) ਕ੍ਰਿਸ਼ਨਾ ਰਾਣੀ ਐਮ.ਏ ਐਮ.ਐਡ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਵਾਂਸ਼ਹਿਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਭਾਵੇਂ ਚਾਰ ਵਰ੍ਹੇ ਬੀਤ ਚੁੱਕੇ ਹਨ ਪਰ ਉਨ੍ਹਾ ਦੇ ਵਿਛੋੜੇ ਦਾ ਦਰਦ ਸਾਡੇ ਦਿਲਾਂ 'ਚੋਂ ਨਹੀਂ ਜਾ ਸਕਿਆ ਅਤੇ ਨਾ ਹੀ ਜਾਵੇਗਾ। ਉਨ੍ਹਾ ਦੀਆਂ ਯਾਦਾਂ ਅਭੁੱਲ ਯਾਦਾਂ ਬਣ ਚੁੱਕੀਆਂ ਹਨ ਜਿਹੜੀਆਂ ਹਮੇਸ਼ਾਂ ਸਾਡੇ ਦਿਲਾਂ ਵਿੱਚ ਜਿਉਂਦੀਆਂ ਰਹਿਣਗੀਆਂ। ਸਾਡੇ ਉਨ੍ਹਾ ਨਾਲ ਬਿਤਾਏ ਪਲ -ਪਲ ਸਾਡੇ ਦਿਲਾਂ ਦੇ ਇਤਿਹਾਸ ਦੇ ਪੰਨਿਆਂ ਉੱਪਰ ਸੁਨਿਹਰੀ ਅੱਖਰਾਂ ਵਿੱਚ ਰਹਿਣਗੇ। ਲੈਕਚਰਾਰ ਕ੍ਰਿਸ਼ਨਾ ਰਾਣੀ ਨੇ ਜੋ ਸੁਪਨੇ ਸਿਰਜੇ ਸਨ, ਉਨ੍ਹਾਂ ਨੂੰ ਸਾਕਾਰ ਕਰਨ ਲਈ ਅਸੀਂ ਪੂਰੀ ਵਚਨਬੱਤਾ ਨਾਲ ਨਿਭਾ ਰਹੇ ਹਾਂ।ਇਸ ਮੌਕੇ ਪ੍ਰਿੰਸੀਪਲ ਸੁਨੀਤਾ ਦੇਵੀ , ਵਿਨੈ ਕੁਮਾਰ ਸ਼ਰਮਾ ਮੈਥ ਮਾਸਟਰ ਅਤੇ ਮਨਜੀਤ ਕੌਰ ਸਾਇੰਸ ਮਿਸਟ੍ਰੈਸ ਵਲੋਂ ਮੈਡਮ ਦੀ ਸੇਵਾ ਦੌਰਾਨ ਉਨਾ ਵਲੋਂ ਕੀਤੇ ਗਏ ਚੰਗੇ ਕੰਮਾਂ ਦੀ ਜਿੱਥੇ ਸ਼ਲਾਘਾ ਕੀਤੀ , ਉੱਥੇ ਓੱਨਾ ਦੇ ਬੇਵਕਤ ਤੁਰ ਜਾਣ 'ਤੇ ਬਹੁਤ ਦੁੱਖ ਦਾ ਇਜਹਾਰ ਕੀਤਾ। ਇਸ ਮੌਕੇ ਪ੍ਰਿੰਸੀਪਲ ਵਲੋਂ ਪਰਿਵਾਰਿਕ ਮੈਂਬਰਾਂ ਦਾ ਧੰਨਵਾਦ ਵੀ ਕੀਤਾ ਗਿਆ। ਇਸ ਮੌਕੇ ਮੈਡਮ ਦੀ ਯਾਦ ਵਿੱਚ ਬੱਚਿਆਂ ਨੂੰ ਸਟੇਸ਼ਨਰੀ, ਬਾਲ ਪੈਨ, ਫਲ ਅਤੇ ਫਰੂਟੀਆਂ ਵੀ ਤਕਸੀਮ ਕੀਤੀਆਂ ਗਈਆਂ। ਇਸ ਮੌਕੇ ਸੁਖਵਿੰਦਰ ਕੌਰ ਅਧਿਆਪਕਾ,ਵੰਦਨਾ ਅੰਗਰੇਜ਼ੀ ਅਧਿਆਪਕਾ, ਨੀਲਮ ਗੋਇਲ ਅੰਗਰੇਜ਼ੀ ਅਧਿਆਪਕਾ, ਰਜਨੀ ਬਾਲਾ ਅਧਿਆਪਕਾ, ਗੁਰਜੀਤ ਸਾਇੰਸ ਮਾਸਟਰ, ਰੀਨਾ ਰਾਣੀ ਕੰਪਿਊਟਰ ਟੀਚਰ,ਦੀਪਿਕਾ ਅਧਿਆਪਕਾ,ਤਮੰਨਾ ਅਧਿਆਪਕਾ,ਹਰਮੇਸ਼ ਸਿੰਘ ਕੈਂਪਸ ਮੈਨੇਜਰ ਅਤੇ ਸਕੂਲੀ ਬੱਚੇ ਹਾਜਰ ਸਨ।

# ਬਾਬਾ ਸਾਹਿਬ ਅੰਬੇਡਕਰ ਤੇ ਸਾਹਿਬ ਕਾਂਸ਼ੀ ਰਾਮ ਵਰਗੇ ਯੁੱਗ ਪੁਰਸ਼ ਦੁਬਾਰਾ ਨਹੀਂ ਜੰਮਣੇ,,, ਸਾਈਂ ਪੱਪਲ ਸ਼ਾਹ ਭਰੋ ਮਜਾਰਾ



**ਬੰਗਾ 21 ਮਈ (ਚਰਨਜੀਤ ਸੱਲ੍ਹਾ )** ਵਿਸ਼ਵ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਤੇ ਸਾਹਿਬ ਕਾਂਸ਼ੀ ਰਾਮ ਜੀ ਦਾ ਜਨਮ ਦਿਹਾੜਾ ਬਿਲਸਟਨ ਕਮਿਊਨਟੀ ਸੈਂਟਰ ਯੂ, ਕੇ ਵਿਖੇ ਬਹੁਜਨ ਵਿਚਾਰ ਮੰਚ ਵੱਲੋਂ ਬੜੀ ਹੀ ਸ਼ਰਧਾ ਨਾਲ ਮਨਾਇਆ ਗਿਆ। ਸਮਾਗਮ ਵਿੱਚ ਵੱਖ ਵੱਖ ਬੁੱਧੀਜੀਵੀਆਂ ਪ੍ਰਚਾਰਕ ਤੇ ਗਾਇਕ ਕਲਾਕਾਰਾਂ ਨੇ ਬਾਬਾ ਸਾਹਿਬ ਤੇ ਕਾਂਸ਼ੀ ਰਾਮ ਜੀ ਦੇ ਜੀਵਨ ਤੇ ਅਧਾਰਿਤ ਆਪਣੇ ਵਿਚਾਰ ਤੇ ਗੀਤ ਪੇਸ਼ ਕੀਤੇ ਗਏ। ਵਿਸ਼ੇਸ਼ ਤੌਰ ਤੇ ਇੰਡੀਆ ਤੋਂ ਆਏ ਸਾਈਂ ਪੱਪਲ ਸ਼ਾਹ ਭਰੋ ਮਜਾਰਾ ਨੇ ਆਖਿਆ ਕਿ ਬਾਬਾ ਸਾਹਿਬ ਤੇ ਕਾਂਸ਼ੀ ਰਾਮ ਜੀ ਵਰਗੇ ਯੁੱਗ ਪੁਰਸ਼ ਦੁਬਾਰਾ ਨਹੀਂ ਜੰਮਣੇ ਜਿਨ੍ਹਾਂ ਆਪਣਾ ਆਪ ਸਾਡੇ ਹੱਕਾਂ ਲਈ ਕੁਰਬਾਨ ਕਰ ਦਿੱਤਾ ਤੇ ਸਾਨੂੰ ਗੁਲਾਮੀ ਭਰਿਓ ਜੀਵਨ ਤੋਂ ਮੁਕਤ ਕਰਵਾਇਆ। ਤੇਰੀ ਕੁਰਸੀ ਬਰਾਬਰ ਡਹਿੰਦੀ ਇਹ ਸੰਵਿਧਾਨ ਕਰਕੇ ਆ , ਸਾਈਕਲ ਤੇ ਮਿਸ਼ਨ ਚਲਾ ਗਿਆ ਕਾਂਸ਼ੀ ਰਾਮ ਬੜਾ ਹੀ ਮਹਾਨ ਸੀ ਤੇ ਹੋਰ ਰਚਨਾਵਾਂ ਪੇਸ਼ ਕਰਕੇ ਸੰਗਤਾਂ ਨੂੰ ਜਾਗਰੂਕ ਕੀਤਾ। ਧਰਮਿੰਦਰ ਮਸਾਣੀ ਵਲੋਂ ਇੱਕ ਰੋਟੀ ਘੱਟ ਖਾ ਲਿਓ ਬੱਚੇ ਆਪਣੇ ਜ਼ਰੂਰ ਪੜਾਇਓ ਰਾਹੀਂ ਭਰਵੀਂ ਹਾਜ਼ਰੀ ਲਗਵਾਈ। ਇਸ ਮੌਕੇ ਬਲਰਾਮ ਸਿੱਧੂ, ਬਲਦੇਵ ਝੱਲੀ, ਲਖਵਿੰਦਰ ਬਸਰਾ, ਦਿਲਜੀਤ ਗਿੱਲ, ਸੁਰੇਸ਼ ਕੁਮਾਰ ਬਿੱਟੂ, ਕੁਲਦੀਪ ਦੀਪਾ, ਦਲਜੀਤ ਢੰਡਾ, ਸੁਭਾਸ਼ ਖੰਘੂੜਾ, ਪਰਮਜੀਤ ਪੰਮਾ, ਬਲਦੇਵ ਚੁੰਬਰ, ਜਸਵੀਰ ਮੱਲ, ਗੁਰਚਰਨ ਲੰਗਾਹ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ ਤੇ ਆਖੀਰ ਵਿੱਚ ਆਏ ਸਾਰੇ ਪਤਵੰਤਿਆਂ ਨੂੰ ਸਨਮਾਨਿਤ ਕੀਤਾ ਗਿਆ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਗੁਰੂ ਨਾਨਕ ਕਾਲਜ ਆਫ ਨਰਸਿੰਗ ਕਾਲਜ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ (ਦੂਜਾ ਸਾਲ) ਦਾ ਸ਼ਾਨਦਾਰ 100% ਨਤੀਜਾ

**ਨਰਸਿੰਗ ਕਾਲਜ ਢਾਹਾਂ ਕਲੇਰਾਂ ਦੀ ਵਿਦਿਆਰਥਣ ਗੁਰਪ੍ਰੀਤ ਮਹਿਮੀ ਨੇ ਬੀ.ਐਸ.ਸੀ. ਨਰਸਿੰਗ ਦੂਜਾ ਸਾਲ (ਚੌਥਾ ਸੈਮਸਟਰ) ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ**



**ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਦੂਜਾ ਸਾਲ (ਚੌਥਾ ਸਮੈਸਟਰ) ਦੇ ਟੌਪਰ ਵਿਦਿਆਰਥੀ।**

**ਬੰਗਾ 21 ਮਈ (ਚਰਨਜੀਤ ਸੱਲ੍ਹਾ)** ਪੇਂਡੂ ਇਲਾਕੇ ਵਿਚ ਸਥਾਪਿਤ ਪੰਜਾਬ ਦੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਨਰਸਿੰਗ ਸਿੱਖਿਆ ਅਦਾਰੇ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਦੂਜਾ ਸਾਲ (ਚੌਥਾ ਸਮੈਸਟਰ) ਦਾ ਸ਼ਾਨਦਾਰ 100 ਫੀਸਦੀ ਨਤੀਜਾ ਆਇਆ ਹੈ । ਇਸ ਦੀ ਜਾਣਕਾਰੀ ਦਿੰਦੇ ਮੈਡਮ ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਦੱਸਿਆ ਕਿ ਬੀ.ਐੱਸ.ਸੀ. ਨਰਸਿੰਗ (ਦੂਜਾ ਸਾਲ, ਚੌਥਾ ਸਮੈਸਟਰ) ਕਲਾਸ ਵਿਚੋਂ ਪਹਿਲਾ ਸਥਾਨ ਗੁਰਪ੍ਰੀਤ ਮਹਿਮੀ ਪੁੱਤਰੀ ਸ੍ਰੀ ਨਿਰਮਲ ਦਾਸ-ਸ੍ਰੀਮਤੀ ਚਰਨਜੀਤ ਕੌਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਸ਼ਾਨਦਾਰ 7.71 ਗਰੇਡ ਅੰਕ ਪ੍ਰਾਪਤ ਕਰਕੇ ਕੀਤਾ । ਜਦ ਕਿ ਦੂਜਾ ਸਥਾਨ ਹਰਨੂਰ ਕੌਰ ਪੁੱਤਰੀ ਸ. ਕੁਲਵਿੰਦਰ ਸਿੰਘ-ਸ੍ਰੀਮਤੀ ਨਿਰਮਲਜੀਤ ਕੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 7.17 ਗਰੇਡ ਅੰਕਾਂ ਨਾਲ ਅਤੇ ਤੀਜਾ ਸਥਾਨ ਸਿਮਰਨ ਪੁੱਤਰੀ ਸ੍ਰੀ ਰਜਨੀਸ਼ ਚੋਪੜਾ-ਸ੍ਰੀਮਤੀ ਨੀਲਮ ਚੋਪੜਾ ਫਗਵਾੜਾ ਨੇ 7.05 ਗਰੇਡ ਅੰਕਾਂ ਨਾਲ ਹਾਸਲ ਕੀਤਾ ਹੈ । ਕਾਲਜ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਬੀ ਐੱਸ ਸੀ ਨਰਸਿੰਗ ਦੂਜਾ ਸਾਲ (ਚੌਥਾ ਸਮੈਸਟਰ) ਦੇ ਨਰਸਿੰਗ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਅਤੇ ਪ੍ਰਿੰਸੀਪਲ ਨੂੰ ਸ਼ਾਨਦਾਰ ਨਤੀਜੇ ਲਈ ਹਾਰਦਿਕ ਵਧਾਈਆਂ ਦਿੱਤੀਆਂ । ਉਹਨਾਂ ਨੇ ਸਮੂਹ ਨਰਸਿੰਗ ਵਿਦਿਆਰਥੀਆਂ ਨੂੰ ਪ੍ਰੇਰਣਾ ਦਿੰਦੇ ਕਿਹਾ ਕਿ ਜਦੋਂ ਆਪਣੀ ਮਿਹਨਤ, ਲਗਨ ਅਤੇ ਆਤਮ-ਵਿਸ਼ਵਾਸ ਨਾਲ ਪੜ੍ਹਾਈ ਕਰਕੇ, ਪ੍ਰੀਖਿਆ ਦਿੱਤੀ ਜਾਂਦੀ ਹੈ ਤਾਂ ਉਹ ਹਰ ਮੰਜ਼ਿਲ ਹਾਸਲ ਕਰ ਸਕਦੇ ਹਨ ਅਤੇ ਜੀਵਨ ਵਿਚ ਹਮੇਸ਼ਾਂ ਕਾਮਯਾਬੀ ਮਿਲਦੀ ਹੈ । ਇਸ ਮੌਕੇ ਮੈਡਮ ਸੁਖਮਿੰਦਰ ਕੌਰ ਉੱਭੀ, ਮੈਡਮ ਸਰਬਜੀਤ ਕੌਰ ਕਲਾਸ ਇੰਚਾਰਜ, ਮੈਡਮ ਮਨਦੀਪ ਕੌਰ, ਮੈਡਮ ਸੰਦੀਪ ਸੂਦਨ, ਮੈਡਮ ਹਰਦੀਪ ਕੌਰ ਤੇ ਟੌਪਰ ਨਰਸਿੰਗ ਵਿਦਿਆਰਥੀ ਹਾਜ਼ਰ ਸਨ ।

# ਗੈਸ, ਪੈਟਰੋਲ ਤੇ ਡੀਜ਼ਲ ਦੀ ਉਪਲਬਧਤਾ ਅਤੇ ਸਪਲਾਈ ਸੰਬੰਧੀ ਡੀ ਸੀ ਵੱਲੋਂ ਪੰਪ ਤੇ ਏਜੰਸੀ ਮਾਲਕਾਂ ਨਾਲ ਗੱਲਬਾਤ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਗੁਲਪ੍ਰੀਤ ਸਿੰਘ ਔਲਖ ਨੇ ਮੰਗਲਵਾਰ ਨੂੰ ਜ਼ਿਲ੍ਹੇ ਵਿੱਚ ਐਲ.ਪੀ.ਜੀ. ਸਿਲੰਡਰਾਂ, ਪੈਟਰੋਲ ਅਤੇ ਡੀਜ਼ਲ ਦੀ ਉਪਲਬਧਤਾ ਅਤੇ ਸਪਲਾਈ ਸਥਿਤੀ ਦਾ ਜਾਇਜ਼ਾ ਲੈਣ ਲਈ ਪੈਟਰੋਲ ਪੰਪ ਮਾਲਕਾਂ ਅਤੇ ਐਲ.ਪੀ.ਜੀ. ਡੀਲਰਸ਼ਿਪ ਹੋਲਡਰਾਂ ਨਾਲ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਬੰਧਿਤ ਧਿਰਾਂ ਨਾਲ ਵਿਸਥਾਰਪੂਰਵਕ ਚਰਚਾ ਕਰਦਿਆਂ ਜ਼ਰੂਰੀ ਰਸੋਈ ਗੈਸ, ਪੈਟਰੋਲ ਅਤੇ ਡੀਜਲ ਦੇ ਮੌਜੂਦਾ ਭੰਡਾਰ ਅਤੇ ਰੋਜ਼ਾਨਾ ਸਪਲਾਈ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਸਾਰੇ ਪੈਟਰੋਲ ਪੰਪ ਸੰਚਾਲਕਾਂ ਅਤੇ ਗੈਸ ਏਜੰਸੀ ਹੋਲਡਰਾਂ ਨੂੰ ਲੋਕਾਂ ਨੂੰ ਬਿਨਾਂ ਕਿਸੇ ਦਿੱਕਤ ਦੇ ਐਲ.ਪੀ.ਜੀ., ਪੈਟਰੋਲ ਅਤੇ ਡੀਜ਼ਲ ਦੀ ਨਿਰਵਿਘਨ ਅਤੇ ਸੁਚਾਰੂ ਸਪਲਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਜ਼ਿਲ੍ਹੇ ਵਿੱਚ ਕਿਸੇ ਵੀ ਤਰ੍ਹਾਂ ਦੀ ਘਾਟ ਨਾ ਹੋਣ ਦਾ ਭਰੋਸਾ ਦਿੰਦਿਆਂ ਸ੍ਰੀ ਔਲਖ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੈਟਰੋਲ, ਡੀਜ਼ਲ ਅਤੇ ਐਲ.ਪੀ.ਜੀ. ਸਿਲੰਡਰਾਂ ਦੀ ਬੇਲੋੜੀ ਖਰੀਦਦਾਰੀ ਜਾਂ ਭੰਡਾਰਨ ਨਾ ਕਰਨ, ਕਿਉਂਕਿ ਇਸ ਨਾਲ ਨਕਲੀ ਘਾਟ ਪੈਦਾ ਹੋ ਸਕਦੀ ਹੈ ਅਤੇ ਆਮ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਡੀਲਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਨਾਲ ਨਿਰੰਤਰ ਤਾਲਮੇਲ ਬਣਾਈ ਰੱਖਣ ਅਤੇ ਵੰਡ ਪ੍ਰਣਾਲੀ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਵੀ ਕਿਹਾ, ਤਾਂ ਜੋ ਲੋਕਾਂ ਨੂੰ ਜ਼ਰੂਰੀ ਵਸਤੂਆਂ ਆਸਾਨੀ ਨਾਲ ਉਪਲਬਧ ਰਹਿ ਸਕਣ।

# ਡੇਂਗੂ ਜਾਗਰੂਕਤਾ ਵਲੰਟੀਅਰਾਂ ਵੱਲੋਂ ਘਰ-ਘਰ ਜਾ ਕੇ ਸਰਵੇ, ਲੋਕਾਂ ਨੂੰ ਕੀਤਾ ਜਾਗਰੂਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਭਰ ਵਿੱਚ ਡੇਂਗੂ ਰੋਕਥਾਮ ਮੁਹਿੰਮ ਲਗਾਤਾਰ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਡੇਂਗੂ ਜਾਗਰੂਕਤਾ ਵਲੰਟੀਅਰਾਂ ਵੱਲੋਂ ਹੁਸ਼ਿਆਰਪੁਰ ਵਿੱਚ ਘਰ-ਘਰ ਜਾ ਕੇ ਸਰਵੇ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਡੇਂਗੂ ਤੋਂ ਬਚਾਅ, ਸਫ਼ਾਈ ਬਣਾਈ ਰੱਖਣ ਅਤੇ ਮੱਛਰ ਪੈਦਾ ਹੋਣ ਵਾਲੀਆਂ ਨੂੰ ਖਤਮ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਸਰਵੇ



ਦੌਰਾਨ ਵਲੰਟੀਅਰ ਘਰਾਂ ਵਿੱਚ ਪਾਣੀ ਦੀਆਂ ਟੈਂਕੀਆਂ, ਕੂਲਰਾਂ, ਫ੍ਰਿਜ ਦੀ



ਪਿੱਛਲੀ ਟਰੇਅ, ਫੁੱਲਾਂ ਦੇ ਗਮਲੇ ਅਤੇ ਹੋਰ ਅਜਿਹੀਆਂ ਥਾਵਾਂ ਦੀ ਜਾਂਚ ਕਰ ਰਹੇ ਹਨ, ਜਿੱਥੇ ਪਾਣੀ ਇਕੱਠਾ ਹੋਣ ਦੀ ਸੰਭਾਵਨਾ ਰਹਿੰਦੀ ਹੈ ਅਤੇ ਡੇਂਗੂ ਫੈਲਾਉਣ ਵਾਲੇ ਮੱਛਰ ਪੈਦਾ ਹੋ ਸਕਦੇ ਹਨ। ਇਸ ਤੋਂ ਇਲਾਵਾ ਲੋਕਾਂ ਨੂੰ ਹਫ਼ਤੇ ਵਿੱਚ ਇੱਕ ਦਿਨ 'ਡਰਾਈ ਡੇਅ' ਮਨਾਉਣ, ਪਾਣੀ ਖੜ੍ਹਾ ਨਾ ਹੋਣ ਦੇਣ ਅਤੇ ਆਸ-ਪਾਸ ਸਫ਼ਾਈ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਡੇਂਗੂ ਤੋਂ ਬਚਾਅ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਆਪਣੇ ਘਰਾਂ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪਾਣੀ ਖੜ੍ਹਾ ਨਾ ਹੋਣ ਦੇਣ ਅਤੇ ਸਿਹਤ ਵਿਭਾਗ ਤੇ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਮੁਹਿੰਮ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ। ਆਸ਼ਿਕਾ ਜੈਨ ਨੇ ਸਪੱਸ਼ਟ ਕੀਤਾ ਕਿ ਡੇਂਗੂ ਦੀ ਰੋਕਥਾਮ ਲਈ ਜਾਗਰੂਕਤਾ ਅਤੇ ਸਾਵਧਾਨੀ ਹੀ ਸਭ ਤੋਂ ਪ੍ਰਭਾਵਸ਼ਾਲੀ ਉਪਾਅ ਹਨ ਅਤੇ ਇਹ ਮੁਹਿੰਮ ਅੱਗੇ ਵੀ ਲਗਾਤਾਰ ਜਾਰੀ ਰਹੇਗੀ।

# ਕੰਢੀ ਖੇਤਰ 'ਚ 20 ਕਰੋੜ ਦੀ ਲਾਗਤ ਨਾਲ ਬਣਨਗੇ ਤਿੰਨ ਪੁੱਲ - ਡਾ. ਰਾਜ ਕੁਮਾਰ ਚੱਬੇਵਾਲ

## ਬੱਡਲਾ ਚੋਅ, ਮਾਂਝੀ ਚੋਅ ਅਤੇ ਭੰਗੀ ਚੋਅ 'ਤੇ ਬਣਨਗੇ 3 ਬ੍ਰਿਜ, ਪੰਜਾਬ ਸਰਕਾਰ ਨੇ ਫੰਡ ਕੀਤੇ ਜਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵਲੋਂ ਕੰਢੀ ਖੇਤਰ ਵਿਚ ਬਿਹਤਰ ਆਵਾਜਾਈ ਅਤੇ ਲੋਕਾਂ ਨੂੰ ਵੱਡੀ ਸੁਵਿਧਾ ਦਿੰਦੇ ਹੋਏ ਤਿੰਨ ਵੱਡੇ ਪੁੱਲਾਂ ਦਾ ਨਿਰਮਾਣ ਕੀਤਾ ਜਾਵੇਗਾ ਜਿਸ ਲਈ ਪੰਜਾਬ ਦੇ ਸੀ.ਐਮ. ਭਗਵੰਤ ਮਾਨ ਵਲੋਂ 20 ਕਰੋੜ ਰੁਪਏ ਦੇ ਫੰਡ ਜਾਰੀ ਕਰ ਦਿੱਤੇ ਗਏ ਹਨ। ਪਿੰਡ ਡਾਡਾ ਵਿਚ ਹੋਏ ਵਿਸ਼ਾਲ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਹ ਤਿੰਨ ਬ੍ਰਿਜ ਬੱਡਲਾ ਚੋਅ, ਮਾਂਝੀ ਚੋਅ ਅਤੇ ਭੰਗੀ ਚੋਅ 'ਤੇ ਬਣਨਗੇ ਜਿਨ੍ਹਾਂ ਦਾ ਨਿਰਮਾਣ ਕਾਰਜ ਕੁਝ ਹੀ ਦਿਨਾਂ ਵਿਚ ਸ਼ੁਰੂ ਹੋਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਪੁੱਲ ਕੰਢੀ ਖੇਤਰ ਦੇ ਲੋਕਾਂ ਲਈ ਵੱਡੀ ਸਹੂਲਤ ਸਾਬਤ ਹੋਣਗੇ, ਕਿਉਂਕਿ ਲੋਕਾਂ ਦੀ ਲੰਬੇ ਸਮੇਂ ਤੋਂ ਮੰਗ ਚੱਲੀ ਆ ਰਹੀ ਕਿ ਉਨ੍ਹਾਂ ਨੂੰ ਇਹ ਸੁਵਿਧਾ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜਦ ਉਹ ਵਿਧਾਇਕ ਸਨ, ਉਸ ਸਮੇਂ ਤੋਂ ਇਨ੍ਹਾਂ ਪੁੱਲਾਂ ਦੀ ਮੰਗ ਚਲੀ ਆ ਰਹੀ ਸੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਕੰਮ ਨੂੰ ਅੰਤਿਮ ਰੂਪ ਦਿੰਦੇ ਹੋਏ ਸਾਰੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਹਨ। ਕੰਢੀ ਖੇਤਰ ਵਿਚ ਮਾਨਸੂਨ ਅਤੇ ਬਾਰਸ਼ ਦੇ ਦਿਨਾਂ ਵਿਚ ਇਨ੍ਹਾਂ ਪੁੱਲਾਂ ਦੀ ਕਮੀ ਹੋਣ ਕਾਰਨ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੀ ਗੱਲ ਕਰਦੇ ਹੋਏ ਸੰਸਦ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਨ੍ਹਾਂ ਪੁੱਲਾਂ ਦਾ ਨਿਰਮਾਣ ਹੋਣ ਉਪਰੰਤ ਲੋਕਾਂ ਨੂੰ ਹਰ ਸਾਲ ਪੇਸ਼



ਆਉਂਦੀਆਂ ਸਮੱਸਿਆਵਾਂ ਨੂੰ ਪੂਰਨ ਤੌਰ 'ਤੇ ਹੱਲ ਹੋਵੇਗਾ। ਉਨ੍ਹਾਂ ਕਿਹਾ ਕਿ ਬੱਡਲਾ ਚੋਅ 'ਤੇ 6.46 ਕਰੋੜ ਦੀ ਲਾਗਤ ਨਾਲ, ਮਾਂਝੀ ਚੋਅ 'ਤੇ 5.93 ਕਰੋੜ ਦੀ ਲਾਗਤ ਨਾਲ, ਭੰਗੀ ਚੋਅ 'ਤੇ 8.11 ਕਰੋੜ ਰੁਪਏ ਦੀ ਲਾਗਤ ਨਾਲ ਪੁੱਲਾਂ ਦਾ ਨਿਰਮਾਣ ਹੋਵੇਗਾ। ਉਨ੍ਹਾਂ ਕਿਹਾ ਕਿ ਕੰਢੀ ਤੋਂ ਇਲਾਵਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸੜਕਾਂ ਦਾ ਨਵੀਨੀਕਰਨ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ ਜਿਸ ਤਹਿਤ ਜ਼ਿਆਦਾਤਰ ਸੜਕਾਂ 18 ਫੁੱਟ ਚੌੜਾਈ ਵਾਲੀਆਂ ਬਣਾਈਆਂ ਜਾ ਰਹੀਆਂ ਤਾਂ ਜੋ ਲੋਕਾਂ ਨੂੰ ਆਉਣ ਜਾਣ ਵਿਚ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਲੋਕ ਸਭਾ ਮੈਂਬਰ ਡਾ. ਚੱਬੇਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਹਰ ਵਰਗ ਦੇ ਹਿੱਤ ਵਿਚ ਕੰਮ ਕੀਤਾ ਹੈ ਚਾਹੇ ਉਦਯੋਗਿਕ, ਕਿਸਾਨੀ, ਬਿਜਲੀ ਖੇਤਰ, ਸਮਾਜਿਕ ਸੁਰੱਖਿਆ, ਸਿੱਖਿਆ, ਸਿਹਤ ਜਾਂ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਹੋਵੇ। ਇਸ ਮੌਕੇ ਡਾ. ਜਤਿੰਦਰ ਕੁਮਾਰ, ਸਰਪੰਚ ਸੁਰਿੰਦਰ ਸਿੰਘ, ਕਸ਼ਮੀਰੀ ਲਾਲ ਅਤੇ ਹੋਰ ਪਤਵੰਤੇ ਲੋਕ ਮੌਜੂਦ ਸਨ।

# ਦ ਨੋਰਵੁੱਡ ਸਕੂਲ ਚਾਹਲ ਦਾ 2026-2027 ਦਾ ਨਿਵੇਸ਼ ਸਮਾਰੋਹ ਬੜੀ ਧੂਮ-ਧਾਮ ਨਾਲ ਸੰਪੂਰਨ ਹੋਇਆ

**ਨਵਾਂਸ਼ਹਿਰ /ਕਾਠਗੜ੍ਹ 21 ਮਈ (ਜਤਿੰਦਰ ਪਾਲ ਸਿੰਘ ਕਲੇਰ )** ਦ ਨੋਰਵੁੱਡ ਸਕੂਲ, ਚਾਹਲ ਵੱਲੋਂ ਸਕੂਲ ਦੇ ਵਿੱਚ ਇੱਕ ਚੋਣ ਪ੍ਰਕਿਰਿਆ ਕੀਤੀ ਗਈ। ਜਿਸ ਵਿੱਚ ਸਕੂਲ ਲਈ ਪ੍ਰਤੀਨਿਧੀ ਲੜਕਾ ਅਤੇ ਲੜਕੀ ਇਸੇ ਤਰ੍ਹਾਂ ਹੀ ਖੇਡ ਵਿਭਾਗ ਲਈ ਵੀ ਪ੍ਰਤੀਨਿਧੀ ਲੜਕਾ ਅਤੇ ਲੜਕੀ ਦੀ ਚੋਣ ਲਈ ਬੱਚਿਆਂ ਤੋਂ ਉਨ੍ਹਾਂ ਦੇ ਨਾਮ ਲਏ ਗਏ। ਉਹਨਾਂ ਨੂੰ ਚੋਣ ਨਿਸ਼ਾਨ ਦਿੱਤੇ ਗਏ ਅਤੇ ਬੱਚਿਆਂ ਨੇ ਸਕੂਲ ਵਿੱਚ ਪੂਰੀ ਚੋਣ ਪ੍ਰਕਿਰਿਆ ਨੂੰ ਅਮਲ ਵਿੱਚ ਲਿਆਂਦਾ। ਇਹਨਾਂ ਵੋਟਾਂ ਵਿੱਚ ਛੇਵੀਂ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਬੱਚਿਆਂ ਅਤੇ ਅਧਿਆਪਕਾਂ ਨੂੰ ਆਪਣੀ ਯੋਗਤਾਵਾਂ ਸੰਬੰਧੀ ਚੋਣ ਪ੍ਰਚਾਰ ਕਰਕੇ ਪ੍ਰਭਾਵਿਤ ਕੀਤਾ, ਆਪਣੇ ਚੋਣ ਨਿਸ਼ਾਨ ਬਾਰੇ ਜਾਣਕਾਰੀ ਦਿੱਤੀ ਅਤੇ ਵੋਟ ਪਾਉਣ ਲਈ ਉਤਸ਼ਾਹਿਤ ਕੀਤਾ। ਬੱਚਿਆਂ ਨੇ ਪੂਰੀ ਚੋਣ ਪ੍ਰਣਾਲੀ ਦਾ ਆਨੰਦ ਲਿਆ ਤੇ ਇਸਦਾ ਤਜੁਰਬਾ ਕੀਤਾ। 11 ਮਈ ਨੂੰ ਸਕੂਲ ਵਿੱਚ ਵੋਟਾਂ ਪਵਾਈਆਂ ਗਈਆਂ ਜਿਸ ਵਿੱਚ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੇ ਆਪਣੇ ਇਸ ਅਧਿਕਾਰ ਦੀ ਵਰਤੋਂ ਕੀਤੀ। ਉਸ ਤੋਂ ਬਾਅਦ ਵੋਟਾਂ ਦੀ ਗਿਣਤੀ ਕੀਤੀ ਗਈ। ਜਿਸ ਵਿੱਚ ਪ੍ਰਤਿਨਿਧੀ ਲੜਕਾ ਮਨਿੰਦਰ ਕਲੇਰ, ਪ੍ਰਤੀਨਿਧੀ ਲੜਕੀ ਪ੍ਰਭਜੋਤ ਮੰਡੇਰ, ਸਪੋਰਟਸ ਪ੍ਰਤਿਨੀਧੀ ਲੜਕਾ ਬਲਰਾਮ ਖੇਪੜ ਅਤੇ ਸਪੋਰਟਸ ਪ੍ਰਤਿਨੀਧੀ ਲੜਕੀ





ਸਮਿਰਨਦੀਪ ਕੌਰ ਦਿਓਲ ਚੁਣੇ ਗਏ। ਅੱਜ ਸਕੂਲ ਵਿੱਚ ਇਸ ਸੰਬੰਧੀ ਇੱਕ ਸਮਾਰੋਹ ਰੱਖਿਆ ਗਿਆ। ਜਿਸ ਵਿੱਚ ਚੁਣੇ ਗਏ ਪ੍ਰਤੀਨਿਧੀਆਂ ਨੂੰ ਬੈਜ ਲਗਾ ਕੇ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਨੂੰ ਜਿੰਮੇਵਾਰੀਆਂ ਸੌਂਪੀਆਂ ਗਈਆਂ। ਬੱਚਿਆਂ ਨੇ ਵੀ ਆਪਣੇ ਫਰਜ ਇਮਾਨਦਾਰੀ ਨਾਲ ਨਿਭਾਉਣ ਦਾ ਪ੍ਰਣ ਕੀਤਾ। ਇਸ ਮੌਕੇ ਤੇ ਸਕੂਲ ਦੇ ਚੇਅਰਮੈਨ ਸ੍ਰੀ ਮੋਹਿਤ ਕੁਮਾਰ, ਡਾਇਰੈਕਟਰ ਸ੍ਰੀਮਤੀ ਪੂਜਾ ਚੌਧਰੀ, ਸਕੂਲ ਪ੍ਰਿੰਸੀਪਲ ਸ੍ਰੀ ਰਵਿੰਦਰ ਸਿੰਘ ਭਨੋਟ ਅਤੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਰਜਨੀ ਭਨੈਟ ਨੇ ਸਾਰੇ ਸਾਰੇ ਚੁਣੇ ਗਏ ਬੱਚਿਆਂ ਨੂੰ ਸਨਮਾਨਿਤ ਕੀਤਾ। ਇਸ ਖੁਸ਼ੀ ਦੇ ਮੌਕੇ ਤੇ ਕੁੱਝ ਬੱਚਿਆਂ ਦੇ ਮਾਤਾ-ਪਿਤਾ ਵੀ ਮੌਜੂਦ ਸਨ ਜਿਨਾਂ ਨੇ ਚੁਣੇ ਹੋਏ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ। ਇਸ ਤਰਾਂ ਇੱਕ ਲੋਕਤੰਤਰਿਕ ਪ੍ਰਣਾਲੀ ਦੇ ਨਾਲ ਸਕੂਲ ਦੇ ਵਿਦਿਆਰਥੀ ਪ੍ਰਤੀਨਿਧੀਆਂ ਦੀ ਚੋਣ ਕੀਤੀ ਗਈ। ਇਸ ਨਾਲ ਜਿੱਥੇ ਬੱਚਿਆਂ ਵਿੱਚ ਜਾਗਰੂਕਤਾ ਆਉਂਦੀ ਹੈ ਉਸਦੇ ਨਾਲ-ਨਾਲ ਉਹਨਾਂ ਵਿੱਚ ਆਪਣੇ ਅਧਿਕਾਰਾਂ, ਫਰਜਾਂ ਅਤੇ ਜਿੰਮੇਵਾਰੀਆਂ ਦਾ ਅਹਿਸਾਸ ਵੀ ਪੈਦਾ ਹੁੰਦਾ ਹੈ। ਇਸ ਤਰਾਂ ਦੀਆਂ ਗਤੀਵਿਧੀਆਂ ਬੱਚਿਆਂ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਵਿੱਚ ਬਹੁਤ ਹੀ ਮਹੱਤਵਪੂਰਨ ਰੋਲ ਨਿਭਾਉਂਦੀਆਂ ਹਨ।

# ਮਾਵਾਂ ਤੇ ਬੱਚਿਆਂ ਦਾ ਟੀਕਾਕਰਣ ਯਕੀਨੀ ਬਣਾਇਆ ਜਾਵੇ : ਡਾ. ਸਤਿੰਦਰਜੀਤ

**ਬਲਾਚੌਰ, 21 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਿੰਦਰਜੀਤ ਕੌਰ ਨੇ ਬੱਚਿਆਂ ਤੇ ਗਰਭਵਤੀ ਔਰਤਾਂ ਦੀ ਸਿਹਤ ਸੁਰੱਖਿਆ ਲਈ ਚਲਾਏ ਜਾ ਰਹੇ "ਮਮਤਾ ਦਿਵਸ" ਪ੍ਰੋਗਰਾਮ ਤਹਿਤ ਸਬ ਸੈਂਟਰ ਜੋਗੇਵਾਲ ਅਤੇ ਸਿੰਬਲ ਮਜਾਰਾ ਦਾ ਦੌਰਾ ਕਰਕੇ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ। ਇਸ ਮੌਕੇ ਗਰਭਵਤੀ ਮਹਿਲਾਵਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਛੋਟੇ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਡਾ. ਸਤਿੰਦਰਜੀਤ ਕੌਰ ਨੇ ਸਿਹਤ ਕਰਮਚਾਰੀਆਂ ਨਾਲ ਮੀਟਿੰਗ ਕਰਦੇ ਹੋਏ ਮਾਵਾਂ ਤੇ ਬੱਚਿਆਂ ਦੀ ਸਿਹਤ ਸੰਭਾਲ ਸਬੰਧੀ ਸਰਕਾਰੀ ਯੋਜਨਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ "ਮਮਤਾ ਦਿਵਸ" ਦਾ ਮੁੱਖ ਉਦੇਸ਼ ਗਰਭਵਤੀ ਮਹਿਲਾਵਾਂ ਅਤੇ ਨਵ-ਜੰਮੇ ਬੱਚਿਆਂ ਨੂੰ ਸਮੇਂ ਸਿਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ ਤਾਂ ਜੋ ਮਾਵਾਂ ਤੇ ਬੱਚਿਆਂ ਦੀ ਮੌਤ ਦਰ ਵਿੱਚ



ਕਮੀ ਲਿਆਂਦੀ ਜਾ ਸਕੇ। ਉਨ੍ਹਾਂ ਗਰਭਵਤੀ ਮਹਿਲਾਵਾਂ ਨੂੰ ਸੰਤੁਲਿਤ ਖੁਰਾਕ, ਨਿਯਮਿਤ ਸਿਹਤ ਜਾਂਚ, ਆਇਰਨ ਅਤੇ ਕੈਲਸ਼ੀਅਮ ਗੋਲੀਆਂ ਦੀ ਵਰਤੋਂ ਅਤੇ ਸਮੇਂ ਸਿਰ ਟੀਕਾਕਰਣ ਕਰਵਾਉਣ ਬਾਰੇ ਜਾਗਰੂਕ ਕੀਤਾ। ਇਸ ਤੋਂ ਇਲਾਵਾ ਮਾਵਾਂ ਨੂੰ ਜਨਮ ਤੋਂ ਤੁਰੰਤ ਬਾਅਦ ਬੱਚੇ ਨੂੰ ਮਾਂ ਦਾ ਦੁੱਧ ਪਿਲਾਉਣ, ਬੱਚੇ ਦੀ ਸਫਾਈ ਅਤੇ ਪੋਸ਼ਣ ਸੰਬੰਧੀ ਅਹਿਮ ਜਾਣਕਾਰੀ ਵੀ ਦਿੱਤੀ ਗਈ। ਡਾ. ਸਤਿੰਦਰਜੀਤ ਕੌਰ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਪਿੰਡ ਪੱਧਰ 'ਤੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਮਮਤਾ ਦਿਵਸ ਇਸ ਮੁਹਿੰਮ ਦਾ ਮਹੱਤਵਪੂਰਨ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਗਰਭ ਅਵਸਥਾ ਦੌਰਾਨ ਨਿਯਮਿਤ ਜਾਂਚ ਅਤੇ ਸਹੀ ਦੇਖਭਾਲ ਨਾਲ ਗਰਭਵਤੀ ਔਰਤਾਂ ਅਤੇ ਬੱਚਿਆਂ ਦੋਵਾਂ ਨੂੰ ਗੰਭੀਰ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਸਿਹਤ ਸਟਾਫ ਨੂੰ ਹਦਾਇਤ ਕੀਤੀ ਕਿ ਹਰ ਯੋਗ ਲਾਭਪਾਤਰੀ ਤੱਕ ਸਰਕਾਰੀ ਸਿਹਤ ਯੋਜਨਾਵਾਂ ਦਾ ਲਾਭ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ ਅਤੇ ਗਰਭਵਤੀ ਮਹਿਲਾਵਾਂ ਦੀ ਸਮੇਂ-ਸਮੇਂ 'ਤੇ ਟ੍ਰੈਕਿੰਗ ਕੀਤੀ ਜਾਵੇ। ਉਨ੍ਹਾਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਗਰਭਵਤੀ ਮਹਿਲਾਵਾਂ ਆਪਣੀਆਂ ਨਿਯਮਿਤ ਜਾਂਚਾਂ ਅਤੇ ਟੀਕਾਕਰਣ ਜ਼ਰੂਰ ਕਰਵਾਉਣ ਅਤੇ ਬੱਚਿਆਂ ਦੀ ਸਿਹਤ ਸੰਭਾਲ ਵਿੱਚ ਕੋਈ ਲਾਪਰਵਾਹੀ ਨਾ ਵਰਤਣ ਤਾਂ ਜੋ ਤੰਦਰੁਸਤ ਸਮਾਜ ਦੀ ਨਿਰਮਾਣ ਕੀਤਾ ਜਾ ਸਕੇ। ਇਸ ਮੌਕੇ ਡਾ. ਮਨਦੀਪ ਸਿੰਘ, ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ, ਗੁਰਨੇਕ ਸਿੰਘ, ਗੁਰਮੁੱਖ ਸਿੰਘ ਤੇ ਗੁਰਵਿੰਦਰ ਕੌਰ ਸਮੇਤ ਹੋਰ ਵੀ ਹਾਜ਼ਰ ਸਨ।

# ਚਲਦੇ ਟਿੱਪਰ ਦਾ ਸਟੇਰਿੰਗ ਹੋਇਆ ਲੌਕ ਟਿੱਪਰ ਬੈਕਾਬੂ ਹੋ ਕੇ ਡਿਵਾਈਡਰ ਤੇ ਚੜ੍ਹ ਕੇ ਦੂਸਰੇ ਪਾਸੇ ਜਾ ਪਲਟਿਆ

**ਨਵਾਂਸ਼ਹਿਰ /ਕਾਠਗੜ੍ਹ 21ਮਈ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਕਾਠਗੜ੍ਹ ਮੋੜ ਕੋਲ ਟਿੱਪਰ ਪਲਟਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਇੱਕ 20 ਟਾਈਰਾਂ ਟਿੱਪਰ ਜਿਸ ਦਾ ਨੰਬਰ ਐਚ ਆਰ62 ਏ 9044 ਜਿਸ ਨੂੰ ਕੁਲਵਿੰਦਰ ਸਿੰਘ ਚਲਾ ਰਿਹਾ ਸੀ ਇਹ ਟਿੱਪਰ ਬਲਾਚੌਰ ਸਾਇਡ ਤੋਂ ਰੋਪੜ੍ਹ ਸਾਇਡ ਜਾ ਰਿਹਾ ਸੀ ਜਦੋਂ ਇਹ ਟਿੱਪਰ ਕਾਠਗੜ੍ਹ ਮੋੜ ਥੋੜ੍ਹਾ ਜਿਹਾ ਪਿੱਛੇ ਪਹੁੰਚੀਆਂ ਤਾਂ ਡਰਾਈਵਰ ਦੇ ਦੱਸਣ ਮੁਤਾਬਿਕ



ਅਚਾਨਕ ਚਲਦੇ ਟਿੱਪਰ ਦਾ ਸਟੇਰਿੰਗ ਲੌਕ ਹੋ ਗਿਆ ਜਿਸ ਨਾਲ ਟਿੱਪਰ ਬੈਕਾਬੂ ਹੋ ਕੇ ਡਿਵਾਈਡਰ ਤੇ ਚੜ੍ਹ ਕੇ ਰੈਲਿੰਗ ਤੋੜਦਾ ਹੋਇਆ ਸੜਕ ਦੇ ਦੂਸਰੇ ਪਾਸੇ ਜਾ ਕੇ ਪਲਟ ਗਿਆ ਜਿਸ ਨਾਲ ਟਿੱਪਰ ਵਿੱਚ ਭਰੀ ਬਜਰੀ ਦੂਰ ਤੱਕ ਖਿੱਲਰ ਗਈ ਅਤੇ ਟਿੱਪਰ ਚਾਲਕ ਦਾ ਵਾਲ ਵਾਲ ਬਚਾਅ ਹੋ ਗਿਆ ਅਤੇ ਟਿੱਪਰ ਦਾ ਭਾਰੀ ਨੁਕਸਾਨ ਹੋ ਗਿਆ ਜ਼ਿਕਰਯੋਗ ਇਹ ਹੈ ਕਿ ਜਿਸ ਜਗ੍ਹਾ ਇਹ ਟਿੱਪਰ ਪਲਟਿਆ ਹੈ ਉਸ ਜਗ੍ਹਾ ਆਵਾਜਾਈ ਬਹੁਤ ਜਿਆਦਾ ਰਹਿੰਦੀ ਹੈ ਪਰ ਮਾਰਨ ਵਾਲੇ ਨਾਲੋਂ ਬਚਾਉਣ ਵਾਲਾ ਰੱਬ ਮੌਕੇ ਤੇ ਪ੍ਰਗਟ ਹੋ ਗਿਆ ਜਿਸ ਨਾਲ ਇਹ ਵੱਡਾ ਹਾਦਸਾ ਹੋਣੋ ਟਲ ਗਿਆ।

# ਪਹਿਲਾਂ 31000 ਰੁਪਏ ਤਨਖਾਹ ਕਟੋਤੀ ਕੀਤੀ ਤੇ ਹੁਣ 2 ਮਹੀਨਿਆਂ ਤੋਂ ਤਨਖਾਹਾਂ ਵੀ ਰੋਕੀਆਂ

**● 31000 ਤਨਖਾਹ ਕਟੌਤੀ ਦੇ ਰੋਸ ਵਜੋਂ 23 ਮਈ ਨੂੰ ਵਿੱਤ ਮੰਤਰੀ ਹਰਪਾਲ ਚੀਮਾ ਦੇ ਘਰ ਬੱਚੇ ਛੱਡਣ ਜਾਣਗੇ 1007 ਦਫਤਰੀ ਮੁਲਾਜ਼ਮ ● 1007 ਮੁਲਾਜ਼ਮਾਂ ਲਈ ਕੇਂਦਰ ਸਰਕਾਰ ਤੋਂ ਮਿਲਦੇ ਫੰਡ ਵਿਚੋਂ ਹਰ ਸਾਲ 23 ਕਰੋੜ ਦੀ ਬੱਚਤ ਕਰਕੇ ਖਜ਼ਾਨੇ ਜਮ੍ਹਾ ਕਰਵਾਉਣਾ ਚਾਹੁੰਦੀ ਸੂਬਾ ਸਰਕਾਰ**

**ਬਠਿੰਡਾ (ਦੀਪਿਕਾ ਸ਼ਰਮਾ)**-ਇੱਕ ਪਾਸੇ ਸੂਬਾ ਸਰਕਾਰ ਦੇ ਮੁੱਖੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਚੀਮਾ ਇਸ ਗੱਲ ਤੇ ਸਰਕਾਰ ਦੀ ਤਾਰੀਫ਼ ਕਰਦੇ ਨਹੀ ਥੱਕਦੇ ਕਿ ਉਨ੍ਹਾਂ ਦੀ ਸਰਕਾਰ ਨੇ ਸੂਬੇ ਦੇ ਹਰ ਨਾਗਿਰਕ ਨੂੰ ਹਰ ਸਹੂਲਤ ਦਿੱਤੀ ਹੈ ਅਤੇ ਸੂਬੇ ਕੋਲ ਵਿੱਤੀ ਸਾਧਨਾ ਦੀ ਕੋਈ ਥੁੜ ਨਹੀ ਹੈ ਪਰ ਦੂਜੇ ਪਾਸੇ ਸਰਕਾਰ ਦੇ ਇਸ ਦਗਮੇ ਦੀ ਪੋਲ ਖੁੱਲਦੀ ਨਜ਼ਰ ਆ ਰਹੀ ਹੈ। ਸਿੱਖਿਆ ਵਿਭਾਗ ਵੱਲੋਂ ਕੇਂਦਰ ਸਰਕਾਰ ਤੋਂ ਪੂਰੇ ਫੰਡ ਮਿਲਣ ਦੇ ਬਾਵਜੂਦ ਸਿੱਖਿਆ ਵਿਭਾਗ ਦੇ 1007 ਦਫਤਰੀ ਮੁਲਾਜ਼ਮਾਂ ਦੀਆ ਫਰਵਰੀ 2026 ਤੋਂ ਤਨਖਾਹਾਂ ਤੇ 21000 ਤੋਂ 31000 ਤੱਕ ਦਾ ਕੱਟ ਲਗਾ ਦਿੱਤਾ ਹੈ। ਸਿੱਖਿਆ ਵਿਭਾਗ ਵੱਲੋਂ ਪਹਿਲਾਂ ਕਰਮਚਾਰੀਆ ਦੀਆਂ ਤਨਖਾਹਾਂ ਤੇ 31000-31000 ਦਾ ਕੱਟ ਲਗਾਇਆ ਗਿਆ ਅਤੇ ਹੁਣ ਮਾਰਚ 2026 ਤੋਂ ਕਰਮਚਾਰੀਆ ਦੀਆ ਤਨਖਾਹਾਂ ਵੀ ਰੋਕ ਦਿੱਤੀਆ ਗਈਆ ਹਨ ਜਿਸ ਕਰਕੇ ਮੁਲਾਜ਼ਮ ਵਿੱਤੀ ਸੰਕਟ ਵਿਚੋਂ ਗੁਜਰਨ ਲਈ ਮਜ਼ਬੂਰ ਹੋ ਰਹੇ ਹਨ ਕਿਉਕਿ ਇਹਨਾਂ ਦਿਨ੍ਹਾਂ ਦੌਰਾਨ ਬੱਚਿਆ ਦੇ ਪੇਪਰ ਅਤੇ ਨਵੇਂ ਦਾਖਲਿਆਂ ਲਈ ਸਕੂਲਾਂ ਵਿੱਚ ਦਾਖਲੇ, ਬੱਚਿਆ ਲਈ ਕਿਤਾਬਾ, ਵਰਦੀਆ ਆਦਿ ਲੈਣੇ ਹੁੰਦੇ ਹਨ।

ਇਹ 1007 ਕਰਮਚਾਰੀ ਲੰਬੇ ਸਮੇਂ ਤੋਂ ਸੇਵਾਵਾਂ ਪੱਕੀਆਂ ਕਰਨ ਦੀ ਮੰਗ ਕਰ ਰਹੇ ਸਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ ਵਜ਼ਾਰਤ ਵੱਲੋਂ 8 ਸਤੰਬਰ ਨੂੰ ਹੋਈ ਕੈਬਿਨਟ ਮੀਟਿੰਗ ਦੌਰਾਨ 1007 ਕਰਮਚਾਰੀਆ ਨੂੰ ਰੈਗੂਲਰ ਕਰਨ ਦਾ ਮਤਾ ਪਾਸ ਕਰਨ ਦੇ ਨਾਲ ਨਾਲ ਕਰਮਚਾਰੀਆ ਦੀ ਤਨਖਾਹ ਤੇ 21000 ਤੋਂ 31000 ਕਟੌਤੀ ਕਰਨ ਦਾ ਮਤਾ ਪਾਸ ਕੀਤਾ ਸੀ ਜਿਸ ਦਾ ਨੋਟੀਫਿਕੇਸ਼ਨ 23.09.2025 ਨੂੰ ਕੀਤਾ ਗਿਆ ਪਰ ਵਿੱਤ ਮੰਤਰੀ ਹਰਪਾਲ ਚੀਮਾ ਨਾਲ ਹੋਈਆ ਮੀਟਿੰਗਾਂ ਦੋਰਾਨ ਉਨ੍ਹਾਂ ਵੱਲੋਂ ਵਾਰ ਵਾਰ ਭਰੋਸਾ ਦਿੱਤਾ



ਗਿਆ ਕਿ ਤਨਖਾਹ ਦੀ ਕਟੋਤੀ ਨਹੀ ਹੋਵੇਗੀ ਪ੍ਰੰਤੂ ਸਿੱਖਿਆ ਵਿਭਾਗ ਵੱਲੋਂ 24 ਫਰਵਰੀ 2026 ਨੂੰ ਤਨਖਾਹ ਕਟੌਤੀ ਦੇ ਹੁਕਮ ਲਾਗੂ ਕਰ ਦਿੱਤੇ ਗਏ ਜਿਸ ਉਪਰੰਤ ਮੁਲਜ਼ਮਾਂ ਵੱਲੋਂ ਮੁਹਾਲੀ ਵਿਖੇ ਵੱਡਾ ਇਕੱਠ ਕਰਨ ਉਪਰੰਤ ਚੰਡੀਗੜ੍ਹ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕੀਤਾ ਜਿਸ ਦੌਰਾਨ ਕਰਮਚਾਰੀਆ ਤੇ ਚੰਡੀਗੜ੍ਹ ਪੁਲਿਸ ਵੱਲੋਂ ਜਲ ਤੋਪਾਂ ਦੀ ਵਰਤੋ ਕੀਤੀ ਗਈ ਸੀ। ਮਿਤੀ 03 ਮਾਰਚ2026 16 ਅਪ੍ਰੈਲ 2026 ਅਤੇ 13 ਮਈ 2026 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਪੰਜਾਬ ਭਵਨ ਅਤੇ ਸਿਵਲ ਸਕੱਤਰੇਤ ਵਿਖੇ ਹੋਈਆ ਮੀਟਿੰਗ ਦੌਰਾਨ ਉਨ੍ਹਾਂ ਵੱਲੋਂ ਮੁੜ ਭਰੋਸਾ ਦਿੱਤਾ ਗਿਆ ਸੀ ਕਿ ਤਨਖਾਹ ਕਟੌਤੀ ਨੂੰ ਰੋਕ ਕੇ ਮਸਲੇ ਦਾ ਹੱਲ ਕੀਤਾ ਜਾਵੇਗਾ ਪ੍ਰੰਤੂ ਮਸਲੇ ਜਿਓ ਦੀ ਤਿਓ ਹਨ ਹੋਰ ਤਾਂ ਹੋਰ ਕਰਮਚਾਰੀਆ ਦੀਆ ਮਾਰਚ 2026 ਤੋਂ ਤਨਖਾਹਾਂ ਵੀ ਰੋਕ ਦਿੱਤੀਆ ਗਈਆ ਹਨ।

ਜਥੇਬੰਦੀ ਦੇ ਆਗੂ ਦੀਪਕ ਬਾਂਸਲ.ਦਾ ਕਹਿਣਾ ਹੈ ਕਿ ਕਰਮਚਾਰੀਆ ਨੂੰ ਰੈਗੂਲਰ ਕਰਨ ਸਮੇਂ ਕੈਬਿਨਟ ਵਿਚ ਪਾਸ ਕੀਤੇ ਮਤੇ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਕਰਮਚਾਰੀਆ ਦੀ ਤਨਖਾਹ ਕਟੌਤੀ ਨਾਲ ਸਰਕਾਰ ਦੇ ਖ਼ਜ਼ਾਨੇ ਵਿਚ ਤਕਰੀਬਨ 23 ਕਰੋੜ ਦੀ ਬੱਚਤ ਹੋਵੇਗੀ। ਸਰਕਾਰ ਮੁਲ਼ਾਜ਼ਮਾਂ ਦੀਆ ਤਨਖਾਹਾਂ ਵਧਾਉਣ ਦੀ ਬਜ਼ਾਏ ਤਨਖਾਹਾਂ ਤੇ ਕੱਟ ਲਗਾ ਕੇ ਖ਼ਜ਼ਾਨਾ ਭਰਨ ਦੀਆ ਵਿਉਤਾਂ ਘੜ ਰਹੀ ਹੈ। ਆਗੂਆ ਨੇ ਕਿਹਾ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਦਿੱਤੀਆ ਹਦਾਇਤਾਂ ਦੇ ਉਲਟ ਜਾ ਕੇ ਸਰਕਾਰ ਦੀ ਅਫਸਰਸ਼ਾਹੀ ਮੁਲਾਜ਼ਮਾਂ ਦਾ ਸੋਸ਼ਣ ਕਰਨ ਤੇ ਤੁਲੀ ਹੋਈ ਹੈ। ਵਿੱਤ ਵਿਭਾਗ ਦੇ ਅਧਿਕਾਰੀਆ ਵੱਲੋਂ ਕੀਤੇ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਜੋ ਕਰਮਚਾਰੀ ਅੱਜ 45000 ਤੋਂ 50000 ਤਨਖਾਹ ਲੈ ਰਹੇ ਹਨ ਉਨ੍ਹਾ ਦੀ ਤਨਖਾਹ ਦਾ ਕੇਂਦਰ ਦੀ ਸਰਕਾਰ ਤੋਂ ਹਰ ਸਾਲ ਸਮੇਤ ਸਲਾਨਾ ਵਾਧੇ ਨਾਲ ਫੰਡ ਪ੍ਰਾਪਤ ਕਰਨਾ ਹੈ ਪਰ ਕਰਮਚਾਰੀਆ ਨੂੰ ਸਿਰਫ ਬੇਸਿਕ ਤਨਖਾਹ 19900 ਤੇ ਕਟੌਤੀ ਉਪਰੰਤ 17700 ਦੇਣੀ ਹੈ । ਆਗੂਆ ਨੇ ਕਿਹਾ ਕਿ ਵਿੱਤ ਮੰਤਰੀ ਹਰਪਾਲ ਚੀਮਾ ਜੀ ਹਰ ਵਾਰ ਭਰੋਸਾ ਤਾਂ ਦਿੰਦੇ ਹਨ ਪਰ ਸੂਬੇ ਦੀ ਅਫਸਰਸ਼ਾਹੀ ਲਗਦਾ ਹੈ ਵਿੱਤ ਮੰਤਰੀ ਦੀ ਵੀ ਨਹੀ ਮੰਨ ਰਹੀ। ਆਗੂਆ ਨੇ ਕਿਹਾ ਕਿ 21000 ਤੋਂ 31000 ਤਨਖਾਹ ਕਟੌਤੀ ਨਾਲ ਕਰਮਚਾਰੀ ਆਪਣੇ ਬੱਚਿਆ ਦਾ ਪਾਲਣ ਪੋਸ਼ਣ ਨਹੀ ਕਰ ਸਕਣਗੇ ਇਸ ਲਈ ਉਨ੍ਹਾਂ ਫੈਸਲਾ ਕੀਤਾ ਹੈ ਕਿ ਮੁਲਾਜ਼ਮ 23 ਮਈ ਨੂੰ ਆਪਣੇ ਬੱਚੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਘਰ ਦਿੜਬਾ ਵਿਖੇ ਛੱਡ ਕੇ ਆਉਣਗੇ।

# ਅੱਜ ਦਾ ਅਹਿਸਾਸ (ਸੱਚੇ ਸ਼ਬਦ): ਮੁਸਕਰਾਹਟ

ਮੁਸਕਰਾਹਟ ਜ਼ਿੰਦਗੀ ਦੀ ਰੌਸ਼ਨੀ ਹੈ, ਦੋਸਤੀ ਦੀ ਨਿਸ਼ਾਨੀ, ਸਫਲਤਾ ਦਾ ਰਾਜ਼ ਅਤੇ ਦਿਲ ਦੀ ਬਸੰਤ।

ਜੇਕਰ ਤੁਸੀਂ ਕਦੇ ਇਕੱਲੇ ਮੁਸਕਰਾਉਂਦੇ ਹੋ ਤਾਂ ਸੱਚਮੁੱਚ ਜੀਵਨ ਦਾ ਮਤਲਬ ਸਮਝ ਰਹੇ ਹੁੰਦੇ ਹੈ। ਤੁਹਾਡੇ ਕੋਲ ਹਾਸੇ ਦੀ ਇੱਕ ਚੰਗੀ ਭਾਵਨਾ ਹੈ ਅਤੇ ਜ਼ਿੰਦਗੀ ਪ੍ਰਤੀ ਅਤਿ ਸੁੰਦਰ ਦ੍ਰਿਸ਼ਟੀਕੋਣ।

ਮਨ ‘ਚ ਅਣਕਿਆਸਿਆ ਭੈਅ ਹੋਵੇ ਤਾਂ ਦਿਲ ‘ਚ ਸਹਿਮ ਉਤਪਦਾ ਹੈ ਪਰ ਮੁਸਕਰਾਉਂਦੇ ਸਮੇਂ ਕੇਵਲ ਪਿਆਰ ਹੀ ਪਿਆਰ,ਜੀਭ ‘ਤੇ ਬਰਾਜਮਾਨ ਹੁੰਦਾ ਹੈ।

ਆਪਣੀ ਮੁਸਕਰਾਹਟ,ਵੈਸੇ ਤਾਂ ਸਾਰਿਆ ਨਾਲ ਹੀ ਸਾਂਝੀ ਕਰੋ ਪਰ ਖ਼ਾਸ ਕਰ ਕੇ ਉਨ੍ਹਾਂ ਸੱਜਣਾਂ ਨਾਲ ਤਾਂ ਅਵੱਸ਼ ਸਾਂਝੀ ਕਰੋ, ਜਿਨ੍ਹਾਂ ਨੂੰ ਤੁਸੀਂ ਤਨੋ,ਮਨੋ ਪਿਆਰ ਦੇ ਹੋ।

ਮੈਂ ਖ਼ੁਸ਼ ਰਹਿਣਾ ਚੁਣਿਆ ਹੈ ਕਿਉਂਕਿ ਮੇਰੇ ਖ਼ਿਆਲ ਅਨੁਸਾਰ,ਇਹ ਮੇਰੀ ਸਿਹਤ ਲਈ ਨਿਰੋਗ ਹੈ।

ਮੁਸਕਰਾਉਣਾ ਸਮੁੱਚੇ ਤੌਰ 'ਤੇ ਸਭ ਤੋਂ ਵਧੀਆ ਸੁੰਦਰਤਾ ਉਪਚਾਰਾਂ ਵਿੱਚੋਂ ਇੱਕ ਹੈ ।ਇਸ ਦੀ ਯਾਤਰਾ,ਅਵੱਸ਼ ਸਹਿਜਤਾ ਨਾਲ ਮੰਜ਼ਿਲ ਤਕ ਪਹੁੰਚਾ ਦਿੰਦੀ ਹੈ।

ਮੇਰੀ ਜ਼ਿੰਦਗੀ ਵਿੱਚ ਅਣਗਿਣਤ ਸਮੱਸਿਆਵਾਂ ਆਈਆਂ, ਪਰ ਮੈਂ ਆਪਣੇ ਬੁੱਲ੍ਹਾਂ ‘ਤੇ ਮੁਸਕਰਾਹਟ ਦਾ ਬਾਸ ਰੱਖਣ ਦਾ ਯਤਨ ਰੱਖਿਆ ਕਿਉਂਕਿ ਮੇਰਾ ਵਿਸ਼ਵਾਸ ਹੈ ਕਿ ਇਹ ਦਿਲ ਦੇ ਹਨੇਰ ਨੂੰ ਰੌਸ਼ਨ ਕਰਨ ਦੇ ਸਮਰੱਥ ਹੈ।

ਮੁਸਕਰਾਹਟ ਉਹ ਚਾਬੀ ਹੈ ਜੋ ਹਰ ਕਿਸੇ ਦੇ ਦਿਲ ਦੇ ਬੰਦ ਤਾਲੇ ਨੂੰ ਖੋਲ੍ਹਣੇ ਦੀ ਸ਼ਕਤੀ ਰੱਖਦੀ ਹੈ।

ਮੁਸਕਰਾਹਟ ਅਮੁੱਲੀ ਹੈ।ਇਹ ਦਿਲ ਦੇ ਹਨੇਰ ਕਮਰੇ ਨੂੰ ਰੌਸ਼ਨ ਕਰਨ ਦੇ ਸਮਰੱਥ ਹੁੰਦੀ ਹੈ, ਮਨੋਦਸ਼ਾ ਬਦਲ ਸਕਦੀ ਹੈ।

ਆਓ !ਆਪਾਂ ਹਮੇਸ਼ਾ ਇੱਕ ਦੂਜੇ ਨੂੰ ਮੁਸਕਰਾਹਟ ਨਾਲ ਮਿਲੀਏ, ਕਿਉਂਕਿ ਇੱਥੋਂ ਹੀ ਪਿਆਰ ਦੀ ਸ਼ੁਰੂਆਤ ਹੁੰਦੀ ਹੈ।

ਦੋਸਤੋ! ਉੱਪਰਲੇ ਹਵਾਲੇ,ਕੇਵਲ ਸਾਨੂੰ ਯਾਦ ਦਿਵਾ ਸਕਦੇ ਹਨ ਕਿ ਮੁਸਕਰਾਹਟ ਸਿਰਫ਼ ਇੱਕ ਪ੍ਰਗਟਾਵੇ ਤੋਂ ਵੱਧ ਹੈ - ਇਹ ਸਬੰਧ, ਦਿਆਲਤਾ ਅਤੇ ਖ਼ੁਸ਼ੀ ਦਾ ਇੱਕ ਸਾਧਨ ਹੈ। ਇਸ ਲਈ, ਅਗਲੀ ਵਾਰ ਜਦੋਂ ਤੁਸੀਂ ਕਿਸੇ ਨੂੰ ਮਿਲੋ, ਯਾਦ ਰੱਖਣਾ ਕਿ ਮੁਸਕਰਾਹਟ ਦੁਨੀਆ ਵਿੱਚ ਥੋੜ੍ਹੀ ਜਿਹੀ ਖ਼ੁਸ਼ੀ ਫੈਲਾਉਣ ਦਾ ਉੱਤਮ ਤਰੀਕਾ ਹੋ ਸਕਦਾ ਹੈ।

ਸੋ,ਮੇਰੇ ਪਿਆਰਿਓ! ਮੁਸਕਰਾਉਂਦੇ ਹੋਏ ਜ਼ਿੰਦਗੀ ਜੀਓ!



**ਸੁਰਜੀਤ ਸਿੰਘ ਭੁੱਲਰ**

# ਟੈਰਿਸ ਚ ਇਤਿਹਾਸਕ ਬੌਲਿੰਗ ਐਲੀ ਅੱਗ ਨਾਲ ਸੜ ਕੇ ਤਬਾਹ

**ਵੈਨਕੂਵਰ, ਮਈ (ਮਲਕੀਤ ਸਿੰਘ)** – ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਟੈਰਿਸ ਸ਼ਹਿਰ ਵਿੱਚ ਸਥਿਤ ਇੱਕ ਇਤਿਹਾਸਕ ਬੌਲਿੰਗ ਐਲੀ ਭਿਆਨਕ ਅੱਗ ਕਾਰਨ ਪੂਰੀ ਤਰ੍ਹਾਂ ਤਬਾਹ ਹੋ ਗਈ। ਇਸ ਘਟਨਾ ਮਗਰੋਂ ਸਥਾਨਕ ਭਾਈਚਾਰੇ ਵਿੱਚ ਗਹਿਰਾ ਦੁੱਖ ਅਤੇ ਨਿਰਾਸ਼ਾ ਦਾ ਮਾਹੌਲ ਬਣ ਗਿਆ ਹੈ। ਜਾਣਕਾਰੀ ਅਨੁਸਾਰ ਇਹ ਬੌਲਿੰਗ ਐਲੀ 1950 ਦੇ ਦਹਾਕੇ ਤੋਂ ਸ਼ਹਿਰ ਦੀ ਇੱਕ ਮਹੱਤਵਪੂਰਨ ਪਹਿਚਾਣ ਮੰਨੀ ਜਾਂਦੀ ਸੀ ਅਤੇ ਕਈ ਸਾਲਾਂ ਤੋਂ ਲੋਕਾਂ ਲਈ ਸਮਾਜਿਕ ਅਤੇ ਮਨੋਰੰਜਨ ਕੇਂਦਰ ਵਜੋਂ ਕੰਮ ਕਰ ਰਹੀ ਸੀ। ਦੱਸਿਆ ਜਾ ਰਿਹਾ ਹੈ ਕਿ 2020 ਵਿੱਚ ਇੱਕ ਸਥਾਨਕ ਮੁਹਿੰਮ ਰਾਹੀਂ ਇਸ ਇਮਾਰਤ ਨੂੰ ਢਾਹੇ ਜਾਣ ਤੋਂ ਵੀ ਬਚਾਇਆ ਗਿਆ ਸੀ। ਅੱਗ ਦੀ ਇਹ ਘਟਨਾ ਵੀਰਵਾਰ ਸਵੇਰੇ ਵਾਪਰੀ, ਜਿਸ ਮਗਰੋਂ ਫਾਇਰ ਬ੍ਰਿਗੇਡ ਦੀਆਂ ਟੀਮਾਂ ਤੁਰੰਤ ਮੌਕੇ ‘ਤੇ ਪਹੁੰਚ ਗਈਆਂ। ਹਾਲਾਂਕਿ ਅੱਗ ‘ਤੇ ਕਾਬੂ ਪਾਉਣ ਲਈ ਜਤਨ ਕੀਤੇ ਗਏ, ਪਰ ਇਮਾਰਤ ਨੂੰ ਬਚਾਇਆ ਨਾ ਜਾ ਸਕਿਆ। ਟੈਰਿਸ ਸ਼ਹਿਰ ਦੇ ਮੇਅਰ ਸ਼ੌਨ ਬੁਜਟਾਸ ਨੇ ਇਸਨੂੰ ਭਾਈਚਾਰੇ ਲਈ “ਬਹੁਤ ਵੱਡਾ ਨੁਕਸਾਨ” ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਥਾਨ ਸਿਰਫ਼ ਇੱਕ ਬੌਲਿੰਗ ਐਲੀ ਨਹੀਂ ਸੀ, ਸਗੋਂ ਲੋਕਾਂ ਦੇ ਮਿਲਣ-ਜੁਲਣ ਅਤੇ ਸਮਾਜਿਕ ਸਰਗਰਮੀਆਂ ਦਾ ਇੱਕ ਅਹਿਮ ਕੇਂਦਰ ਸੀ। ਫਿਲਹਾਲ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਇਲਾਕੇ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਗਈ ਹੈ।



**ਟੈਰਿਸ, ਬ੍ਰਿਟਿਸ਼ ਕੋਲੰਬੀਆ ਵਿੱਚ ਅੱਗ ਕਾਰਨ ਤਬਾਹ ਹੋਈ ਇਤਿਹਾਸਕ ਬੌਲਿੰਗ ਐਲੀ ਦਾ ਦ੍ਰਿਸ਼।**

# ਚੜ੍ਹਿਆ ਮਹੀਨਾ ਜੇਠ, ਮਿੱਤਰ ਪ੍ਰਾਣੀਆਂ ਦੀ ਕਰ ਦੇਖ ਰੇਖ

ਸਮਾਜ ਸੇਵੀ ਤਾਂ ਪਹਿਲਾਂ ਹੀ ਲੱਗੇ ਹਨ, ਆਮ ਜਨਤਾ ਨੂੰ ਵੀ ਹੈ ਅਪੀਲ। ਮਿੱਤਰ ਪ੍ਰਾਣੀਆਂ ਲਈ ਪਾਣੀ ਦੀ ਲਾਓ ਛਬੀਲ।ਖੁਦਗਰਜ ਹੋ ਕੇ ਆਪਣਾ ਫਾਇਦਾ ਹੀ ਨਾ ਸੋਚ,ਤੜਫ ਰਹੀਆਂ ਜਿੰਦਾਂ ਦਾ ਵੀ ਕਰ ਖਿਆਲ। ਬੂੰਦ ਬੂੰਦ ਪਾਣੀ ਤੋਂ ਜਿੰਦਗੀ ਹੋ ਰਹੀ ਮੁਹਾਲ।ਇਕ ਅੰਗ੍ਰੇਜ਼ ਸਖਸ਼ ਨੇ ਸੜਕ ਤੇ ਬੇਹੋਸ਼ ਜਾਨਵਰ ਪਿਆ ਦੇਖਿਆ,ਕਾਰ ਰੋਕੀ। ਛੋਟੀ ਜਿਹੀ ਰੰਗ ਬਰੰਗੀ ਚਿੜੀ ਨੂੰ ਅਪਣੇ ਹੱਥ ਉੱਤੇ ਬਿਠਾਇਆ, ਉਸ ਦੇ ਮੂੰਹ ਵਿੱਚ ਪਾਣੀ ਪਾਇਆ। ਉਸ ਨੂੰ ਹੋਸ਼ ਆ ਗਈ। ਉਸ ਦੀ ਮਿੱਤਰ ਚਿੜੀ ਵੀ ਹੱਥ ਉੱਤੇ ਆਕੇ ਬੈਠ ਗਈ।ਛਿਣ ਪਲ ਮਗਰੋਂ ਦੋਵੇਂ ਉਡਾਰੀ ਮਾਰ ਗਈਆਂ।ਕੁੱਝ ਕੁ ਦੇਰ ਬਾਅਦ, ਉਸ ਦੇ ਸਿਰ ਉੱਤੇ ਆਕੇ ਬੈਠ ਗਈਆਂ। ਉਸ ਦਾ ਧੰਨਵਾਦ ਕਰਦੀਆਂ ਦੂਰ ਜੰਗਲ ਵਿੱਚ ਉਡ ਗਈਆਂ।

ਇਨ੍ਹਾਂ ਸਾਰੀਆਂ ਗੱਲਾਂ ਦਾ ਤੱਤ ਨਿਚੋੜ ਇਹੀ ਹੈ ਕਿ ਪਿਆਸੇ ਜਾਨਵਰਾਂ ਨੂੰ ਪਾਣੀ ਪਿਲਾਉਣਾ ਸਭ ਤੋਂ ਵੱਡਾ ਪੁੰਨ ਹੈ। ਆਜ਼ਾਦੀ ਤੋਂ ਬਾਅਦ ਦੇ ਦਹਾਕਿਆਂ ਵਿੱਚ ਵੀ ਸਮਾਜ ਸੇਵੀ ਅਪਣੇ ਰੁਜ਼ਗਾਰ ਤਿਆਗ ਕੇ, ਦੋ ਕਿਲੋਮੀਟਰ ਦੀ ਦੂਰੀ ਤੇ ਬਣੀਆਂ ਖੂਹੀਆਂ ਵਿੱਚੋਂ ਡੋਲ੍ਹੂਆਂ ਨਾਲ ਪਾਣੀ ਖਿੱਚ ਕੇ ਘੜਿਆਂ ਵਿੱਚ ਭਰਕੇ, ਉਨ੍ਹਾਂ ਦੇ ਦੁਆਲੇ ਬੋਰੀ ਲਪੇਟ ਕੇ ਪਾਣੀ ਠੰਡਾ ਰਖਿਆ ਜਾਂਦਾ ਸੀ, ਆਉਂਦੇ ਜਾਂਦੇ ਰਾਹੀਆਂ ਨੂੰ ਕੱਪਾਂ ਨਾਲ ਠੰਢਾ ਜਲ ਪਿਲਾਇਆ ਜਾਂਦਾ ਸੀ। ਖੂਹੀਆਂ ਉੱਤੇ ਤ੍ਰਿਵੈਣੀ ਦੀ ਛਾਂ ਰਹਿੰਦੀ ਸੀ। ਜਾਨਵਰਾਂ ਲਈ ਦਰੱਖਤਾਂ ਉੱਪਰ ਠੂਲੇ ਟੰਗ ਕੇ ਉਨ੍ਹਾਂ ਵਿੱਚ ਸਾਫ ਪਾਣੀ ਭਰਿਆ ਜਾਂਦਾ ਸੀ। ਪਿੰਡ ਵਿੱਚ ਦੋ ਤਿੰਨ ਹਲਟੀਆਂ ਹੁੰਦੀਆਂ ਸਨ, ਜਿਨ੍ਹਾਂ ਦੇ ਨਾਲ ਵੱਡੀਆਂ ਵੱਡੀਆਂ ਟੈਂਕੀਆਂ ਅਤੇ ਖੇਲਾਂ ਜੁੜੀਆਂ ਹੁੰਦੀਆਂ ਸਨ। ਵੱਡੇ ਵੱਡੇ ਖੁਰਚਣਿਆਂ ਨਾਲ ਹਰ ਰੋਜ਼ ਉਨ੍ਹਾਂ ਦੀ ਜਿਲ੍ਹਬ ਦੀ ਸਫ਼ਾਈ ਕੀਤੀ ਜਾਂਦੀ ਸੀ। ਇਹ ਸਾਰਾ ਕੰਮ ਨਿਸ਼ੁਲਕ ਸੇਵਾਦਾਰ ਦੁਆਰਾ ਕੀਤਾ ਜਾਂਦਾ ਸੀ। ਟੈਂਕੀਆਂ ਵਿੱਚੋਂ ਟੂਟੀਆਂ ਰਾਹੀਂ ਬੰਦੇ ਪਾਣੀ ਪੀਂਦੇ ਸਨ। ਖੇਲਾਂ ਰਾਹੀਂ ਪਸ਼ੂ ਪੰਛੀ ਪਾਣੀ ਪੀਂਦੇ ਸਨ।ਅੱਜ ਕੱਲ ਮੱਧ ਪੂਰਬ ਦੀ ਜੰਗ ਵਿੱਚ ਦੋ ਸਾਨ੍ਹਾਂ ਦੇ ਭੇੜ ਵਿੱਚ ਪੂਰੀ ਦੁਨੀਆਂ ਉਲਝੀ ਪਈ ਹੈ। ਅਮਰੀਕਾ ਵਿੱਚ 70 ਪ੍ਰਤੀਸ਼ਤ ਆਬਾਦੀ ਟ੍ਰੰਪ ਤੋਂ ਦੁਖੀ ਹੈ।ਪਰ ਉਸ ਦੇ ਕੰਨਾਂ ਤੋਂ ਜੂੰ ਨਹੀਂ ਸਰਕਦੀ।ਹੌਰਮੁਜ਼ ਖੇਤਰ ਦਾ ਤੇਲ ਅਤੇ ਯੂਰੇਨੀਅਮ ਲੜਾਈ ਦੀ ਜੜ੍ਹ ਬਣਿਆ ਹੋਇਆ ਹੈ। ਵਾਤਾਵਰਣ ਵਿੱਚ ਵੀ ਨਿਘਾਰ ਆ ਗਿਆ ਹੈ।ਸਾਰੀ ਦੁਨੀਆਂ ਦੇ ਇਨਸਾਫ ਪਸੰਦ ਲੋਕਾਂ ਨੂੰ ਇੱਕਮੁਠ ਹੋਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤਾਂ ਕਿ ਇਨ੍ਹਾਂ ਲੁਟੇਰੇ ਵਪਾਰੀਆਂ ਕੋਲ਼ੋਂ ਖਹਿੜਾ ਛੁਡਾ ਕੇ ਚੰਗੇਰੇ ਭਵਿੱਖ ਵੱਲ ਵਧਿਆ ਜਾ ਸਕੇ।ਜੇਠ ਦੇ ਮਹੀਨੇ ਵਿੱਚ ਲਾਚਾਰ, ਤੇ ਮਜਬੂਰ ਲੋਕਾਂ ਦੀ ਸਿਹਤ ਲਈ ਪਾਣੀ ਦੀ ਪਿਆਸ ਮਿਟਾਉਣ ਦਾ ਪ੍ਰਬੰਧ ਕੀਤਾ ਜਾਵੇ। ਸਾਵਣ ਦੇ ਮਹੀਨੇ ਵਿੱਚ ਵੱਧ ਤੋਂ ਵੱਧ ਰੁੱਖ ਲਗਾਏ ਜਾਣ ਤਾਂ ਜੋ ਵਾਤਾਵਰਨ ਵਿੱਚ ਆਏ ਵਿਗਾੜ ਨੂੰ ਸੰਤੁਲਨ ਵਿੱਚ ਲਿਆਂਦਾ ਜਾ ਸਕੇ।





**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਸੂਗਰ (Diabetes) ਕੋਈ  ਲਾ ਇਲਾਜ ਬਿਮਾਰੀ ਨਹੀਂ ਹੈ - MD ਡਾਕਟਰ ਜਸਬੀਰ ਸਿੰਘ ਥਿੰਦ

## ਰੋਗੀ ਜੀਅ ਕਰਦਾ ਹੈ ਲੰਮੀ ਉਮਰ

**ਜਲੰਧਰ** -- ਦੋਸਤੋਂ ਸਮੇਂ ਵਿੱਚ ਅਮਰ ਵੇਲ ਵਾਂਗ ਫੈਲ ਰਹੀ ਸ਼ੂਗਰ ਦੀ ਬਿਮਾਰੀ ਨੇ ਲੋਕਾਂ ਦੇ ਸਾਹ ਸੂਤੇ ਹੋਏ ਹਨ। ਹਰ ਘਰ ਕੋਈ ਨਾ ਕੋਈ ਕਿਸੇ ਨਾ ਕਿਸੇ ਉਮਰ ਵਿੱਚ ( Diabetes ) ਸ਼ੂਗਰ ਦਾ ਮਰੀਜ਼ ਮਿਲ ਜਾਵੇਗਾ। ਇਕ ਵਾਰ ਹੋਈ ਡਾਇਬੀਟੀਜ਼ ਕਈ ਵਾਰ ਉਮਰ ਭਰ ਪਿੱਛਾ ਨਹੀਂ ਛਡਦੀ ਕਈ ਵਾਰ ਪਰਹੇਜ਼ ਜੀ ਅਣਗਹਿਲੀ ਮਰੀਜ਼ ਨੂੰ ਭਾਰੀ ਮੁਸੀਬਤ ਵਿੱਚ ਪਾ ਸਕਦੀ ਹੈ ਪੇਸ਼ ਏ ਖ਼ਿਦਮਤ ਹੈ ਜਲੰਧਰ ਦੇ ਜਾਣੇ ਮਾਣੇ ਡਾਕਟਰ ਜਸਵੀਰ ਸਿੰਘ ਥਿੰਦ ਨਾਲ ਡਾਇਬਟੀਜ਼ ਤੇ ਵਿਸ਼ੇਸ਼ ਮੁਲਾਕਾਤ।

**ਡਾਕਟਰ ਸਾਹਬ - ਡਾਇਬਟੀਜ਼ (ਸ਼ੂਗਰ ਰੋਗ) ਕੀ ਹੈ?**

ਜਵਾਬ - ਚੰਦੀ ਸਾਹਬ, ਸ਼ੂਗਰ ਜਾਨੀ (Diabetes) ਇੱਕ ਅਜਿਹੀ ਬਿਮਾਰੀ ਹੈ ਜਿਸ ਵਿੱਚ ਸਰੀਰ ਖ਼ੂਨ ਵਿੱਚ ਮੌਜੂਦ ਸ਼ੂਗਰ (ਗਲੂਕੋਜ਼) ਨੂੰ ਸਹੀ ਢੰਗ ਨਾਲ ਵਰਤਣ ਅਤੇ ਕੰਟਰੋਲ ਕਰਨ ਵਿੱਚ ਅਸਮਰੱਥ ਹੋ ਜਾਂਦਾ ਹੈ ਅਤੇ ਇਸ ਤਰਾਂ ਸ਼ੂਗਰ ਦਾ ਜਨਮ ਹੁੰਦਾ ਹੈ। ਡਾਕਟਰ ਸਾਹਬ - ਜਾਣਕਾਰੀ ਵਿਚ ਥੋੜਾ ਹੋਰ ਵਾਧਾ ਕਰੋ ਅਤੇ ਇਸ ਬਿਮਾਰੀ ਬਾਰੇ ਵਿਸਥਾਰ ਸਹਿਤ ਦਰਸ਼ਕਾਂ ਨੂੰ ਦੱਸੋ ਆਖਰ ਸ਼ੂਗਰ ਕਿਉ ਹੁੰਦੀ ਹੈ?

ਚੰਦੀ ਸਾਹਬ- ਸਾਡੇ ਪੇਟ ਵਿੱਚ ਮੌਜੂਦ ਪੈਨਕ੍ਰੀਅਸ (ਫਓਨਚਰਏਓਸ) ਨਾਮਕ ਅੰਗ ਇਨਸੁਲਿਨ ਨਾਮ ਦਾ ਹਾਰਮੋਨ ਬਣਾਉਂਦਾ ਹੈ। ਇਨਸੁਲਿਨ ਸਾਡੇ ਖਾਣੇ ਨੂੰ ਊਰਜਾ (Energy) ਵਿੱਚ ਬਦਲਣ ਵਿੱਚ ਮਦਦ ਕਰਦਾ ਹੈ। ਜਦੋਂ ਸਰੀਰ ਲੋੜੀਂਦੀ ਮਾਤਰਾ ਵਿੱਚ ਇਨਸੁਲਿਨ ਨਹੀਂ ਬਣਾਉਂਦਾ ਜਾਂ ਇਸਦੀ ਸਹੀ ਵਰਤੋਂ ਨਹੀਂ ਕਰ ਪਾਉਂਦਾ, ਤਾਂ ਖ਼ੂਨ ਵਿੱਚ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ ਇਸ ਤਰਾਂ ਨਾਲ ਇਸ ਬਿਮਾਰੀ ਦੀ ਸ਼ੁਰੂਆਤ ਹੁੰਦੀ ਹੈ।

**ਡਾਕਟਰ ਸਾਹਬ - ਸ਼ੂਗਰ ਕਿੰਨੇ ਪ੍ਰਕਾਰ ਦੀ ਹੁੰਦੀ ਹੈ ਅਤੇ ਇਸ ਦਾ ਇਲਾਜ ਕੀ ਹੈ?**

ਚੰਦੀ ਸਾਹਬ- ਟਾਈਪ 1 ਸ਼ੂਗਰ ਇਹ ਸ਼ੂਗਰ ਦੀ ਗੱਲ ਕਰੀਏ ਤਾਂ ਇਸ ਵਿੱਚ ਸਰੀਰ ਦਾ ਇਮਿਊਨ ਸਿਸਟਮ ਪੈਨਕ੍ਰੀਅਸ ਦੇ ਇਨਸੁਲਿਨ ਬਣਾਉਣ ਵਾਲੇ ਸੈੱਲਾਂ ਨੂੰ ਨਸ਼ਟ ਕਰ ਦਿੰਦਾ ਹੈ। ਇਸਦੇ ਮਰੀਜ਼ਾਂ ਨੂੰ ਸਪੈਸ਼ਲਿਸਟ ਡਾਕਟਰ ਦੀ ਸਲਾਹ ਨਾਲ ਰੋਜ਼ਾਨਾ ਇਨਸੁਲਿਨ ਦੇ ਟੀਕੇ ਲਗਾਉਣੇ ਪੈਂਦੇ ਹਨ। ਇਸੇ ਤਰਾਂ ਜੇਕਰ ਗੱਲ ਕਰੀਏ ਤਾਂ ਟਾਈਪ 2 ਸ਼ੂਗਰ ਇਹ ਸਭ ਤੋਂ ਆਮ ਕਿਸਮ ਹੈ। ਇਸ ਵਿੱਚ ਸਰੀਰ ਇਨਸੁਲਿਨ ਦੀ ਸਹੀ ਵਰਤੋਂ ਨਹੀਂ ਕਰ ਪਾਉਂਦਾ (ਇਨਸੁਲਿਨ ਪ੍ਰਤੀਰੋਧ)। ਇਸ ਵਿੱਚ ਜੀਵਨ-ਸ਼ੈਲੀ ਅਤੇ ਮੋਟਾਪੇ ਨੂੰ ਮੁੱਖ ਕਾਰਨ ਸਮਝਿਆ ਜਾਂਦਾ ਹੈ।ਇਸ ਤਰ੍ਹਾਂ ਦੇ ਮਰੀਜ਼ਾਂ ਨੂੰ ਸੈਰ ਜ਼ਰੂਰੀ ਹੈ ਅਤੇ ਖਾਨਪਾਨ ਤੇ ਬਹੁਤ ਜ਼ਿਆਦਾ ਕੰਟਰੋਲ ਕਰਨਾਂ ਚਾਹੀਦਾ ਹੈ। ਤੀਸਰਾ ਮੈ ਚਲਦੀ ਗੱਲਬਾਤ ਵਿਚ ਦੱਸ ਦਿਆ ਕਿ ਇਕ ਹੋਰ ਗਰਭਕਾਲੀ ਸ਼ੂਗਰ ਹੁੰਦੀ ਹੈ ਇਹ ਕੁਝ ਔਰਤਾਂ ਨੂੰ ਗਰਭ ਅਵਸਥਾ ਦੌਰਾਨ ਵੀ ਹੁੰਦੀ ਹੈ। ਡਾਕਟਰ ਸਾਹਬ - ਥੋੜਾ ਸ਼ੂਗਰ ਦੇ ਮੁੱਖ ਲੱਛਣਾਂ ਤੇ ਵੀ ਚਾਨਣਾ ਪਾਓ ?



**ਪੇਸ਼ਕਸ਼ ਪੱਤਰਕਾਰ ਹਰਜਿੰਦਰ ਸਿੰਘ ਚੰਦੀ**

ਚੰਦੀ ਸਾਹਬ ਸ਼ੂਗਰ ਦੇ ਮੁੱਖ ਲੱਛਣ ਹਨ ਜਿਵੇਂ-ਬਹੁਤ ਜ਼ਿਆਦਾ ਥਕਾਵਟ ਮਹਿਸੂਸ ਹੋਣਾ।ਬਿਨਾਂ ਕਿਸੇ ਕਾਰਨ ਤੇਜ਼ੀ ਨਾਲ ਭਾਰ ਘਟਣਾ।

**ਅੱਖਾਂ ਦੀ ਰੋਸ਼ਨੀ ਧੁੰਦਲੀ ਹੋਣਾ।ਸੱਟ ਜਾਂ ਜ਼ਖ਼ਮ ਦਾ ਬਹੁਤ ਦੇਰੀ ਨਾਲ ਭਰਨਾ।**

ਚੰਦੀ ਸਾਹਬ - ਕੋਈ ਸ਼ੱਕ ਨਹੀਂ ਕਿ ਸ਼ੂਗਰ ਇਕ ਨਾ ਮੁਰਾਦ ਬਿਮਾਰੀ ਹੈ ਪਰ ਰੋਜ਼ਾਨਾ ਦੀ ਖੁਰਾਕ ਵਿੱਚ ਤਬਦੀਲੀ ਅਤੇ ਡਾਕਟਰੀ ਸਲਾਹ ਨਾਲ ਲੰਮਾ ਅਤੇ ਆਮ ਜੀਵਨ ਮਨੁੱਖ ਜੀ ਸਕਦਾ ਹੈ ਇਸ ਵਿਚ ਮੁੱਖ ਭੂਮਿਕਾ ਖੁਰਾਕ ਦੀ ਹੈ ਜਿਸ ਵਿੱਚ ਮਰੀਜ਼ ਨੂੰ ਮਿੱਠੀਆਂ ਚੀਜ਼ਾਂ, ਚਿੱਟੀ ਖੰਡ ਅਤੇ ਮੈਦੇ ਆਦਿ ਤੋਂ ਪਰਹੇਜ਼ ਕਰਨਾ ਬਹੁਤ ਜ਼ਰੂਰੀ ਹੈ। ਇਸਦੇ ਨਾਲ ਨਾਲ ਮਰੀਜ ਆਪਣੀ ਖੁਰਾਕ ਵਿੱਚ ਫਲ, ਹਰੀਆਂ ਸਬਜ਼ੀਆਂ ਅਤੇ ਸਾਬਤ ਅਨਾਜ ਆਦਿ ਸ਼ਾਮਲ ਕਰੇ। ਸ਼ੂਗਰ ਦੇ ਮਰੀਜ਼ਾਂ ਨੂੰ ਸਮੇਂ ਸਿਰ ਚੈਕਪ ਜ਼ਰੂਰ ਕਰਵਾਉਣਾ ਚਾਹੀਦਾ ਹੈ। ਦੂਜੀ ਹੈ ਸਰੀਰਕ ਕਸਰਤ: ਰੋਜ਼ਾਨਾ ਘੱਟੋ ਘੱਟ 45 ਮਿੰਟ ਦੀ ਸੈਰ ਜਰੂਰ ਕਰੋ ਅਤੇ ਆਪਣੀਆਂ ਸਰੀਰਕ ਗਤੀਵਿਧੀਆਂ ਨੂੰ ਜਾਰੀ ਰੱਖੋ। ਜ਼ਿੰਦਗੀ ਜ਼ਿੰਦਾਬਾਦ ਰਹੇਗੀ। ਇਸ ਤਰ੍ਹਾਂ ਸਹੀ ਇਲਾਜ ਅਤੇ ਜੀਵਨ-ਸ਼ੈਲੀ ਵਿੱਚ ਬਦਲਾਅ ਕਰਕੇ ਇਸ ਬਿਮਾਰੀ ਨੂੰ ਪੂਰੀ ਤਰ੍ਹਾਂ ਕੰਟਰੋਲ ਵਿੱਚ ਰੱਖਿਆ ਜਾ ਸਕਦਾ ਹੈ। ਅਤੇ ਆਮ ਵਿਅਕਤੀ ਵਾਗ ਸ਼ੂਗਰ ਰੋਗੀ ਇਕ ਵਧੀਆ ਅਤੇ ਲੰਮੀ ਜ਼ਿੰਦਗੀ ਭੋਗ ਸਕਦਾ ਹੈ। ਸੋ ਪਾਠਕੋ ਇਹ ਸਨ ਐਮ ਡੀ ਡਾਕਟਰ ਜਸਬੀਰ ਸਿੰਘ ਥਿੰਦ (ਸਪੈਸ਼ਲਿਸਟ ਸ਼ੂਗਰ ਅਤੇ ਹਾਰਟ ) ਜੇਕਰ ਤੁਸੀਂ ਸ਼ੂਗਰ ਦੇ ਲੱਛਣ ਮਹਿਸੂਸ ਕਰਦੇ ਹੋ ਤਾਂ ਡਾਕਟਰ ਸਾਹਿਬ ਨਾਲ ਉਨ੍ਹਾਂ ਦੇ ਕਲੀਨਿਕ ਜਾ ਫੋਨ ਨੰਬਰ ਤੇ ਸੰਪਰਕ ਕਰ ਸਕਦੇ ਹੋ ਹੁਣ ਤੱਕ ਹਜ਼ਾਰਾਂ ਸ਼ੂਗਰ ਰੋਗੀ ਡਾਕਟਰ ਜਸਬੀਰ ਸਿੰਘ ਥਿੰਦ ਦੀ ਪ੍ਰੇਰਣਾ ਅਤੇ ਇਲਾਜ ਨਾਲ ਚੰਗਾ ਵਧੀਆ ਜੀਵਨ ਬਸਰ ਕਰ ਰਹੇ ਹਨ। ਇਸ ਤੋਂ ਇਲਾਵਾ ਤੁਸੀਂ ਡਾਕਟਰ ਸਾਹਿਬ ਹੁਣਾ ਪਾਸੋਂ ਹਾਰਟ ਅਤੇ ਹੋਰ ਬਿਮਾਰੀਆਂ ਸਬੰਧੀ ਇਲਾਜ ਲਈ ਸੰਪਰਕ ਕਰ ਸਕਦੇ ਹੋ ਹਸਪਤਾਲ ਸੰਪਰਕ ਪਤਾ ਥਿੰਦ ਮੈਡੀਕਲ ਸੈਂਟਰ ਮਾਹਲ ਰੋਡ ਮਾਡਲ ਟਾਊਨ ਜਲੰਧਰ ਮੋ 9814065364

# ਪੁਨਰ ਸੁਰਜੀਤੀ ਬਨਾਮ ਕੋਈ ਨੀ ਨੀਤੀ, ਲਹਿ ਗਈ ਫ਼ੀਤੀ

ਇਸ 'ਦਲ' ਕੇ ਟੁਕੜੇ ਚਾਰ ਹੂਏ ਕੋਈ ਯਹਾਂ ਗਿਰਾ ਕੋਈ ਵਹਾਂ ਗਿਰਾ।

ਪੰਜਾਬ ਦੀ ਸਿਆਸਤ ’ਚ ਅੱਜਕੱਲ੍ਹ ਸਭ ਤੋਂ ਵੱਡਾ ਤਮਾਸ਼ਾ ਉਨ੍ਹਾਂ ਲੋਕਾਂ ਦਾ ਲੱਗਾ ਹੋਇਆ ਹੈ ਜੋ 'ਪੰਥ ਦੀ ਪੁਨਰ ਸੁਰਜੀਤੀ' ਦਾ ਝੰਡਾ ਚੁੱਕੀ ਫਿਰਦੇ ਨੇ। ਨਾਮ ਵੱਡਾ ਤੇ ਦਰਸ਼ਨ ਛੋਟੇ। ਦਾਅਵਾ ਕਰਦੇ ਨੇ ਕਿ ਉਹ ਪੰਥ ਨੂੰ ਮੁੜ ਸੁਰਜੀਤ ਕਰਨਗੇ, ਪਰ ਹਾਲਤ ਇਹ ਹੈ ਕਿ ਖ਼ੁਦ ਹੀ ਸੁਰਜੀਤ ਨਹੀਂ ਹੋ ਪਾ ਰਹੇ। ਦੋਬਾਰਾ ਤਾਂ ਕੀ ਹਰੇ ਹੋਣਾ, ਇਹ ਤਾਂ ਪਹਿਲਾਂ ਤੋਂ ਵੀ ਜ਼ਿਆਦਾ ਪੀਲੇ ਪੈ ਚੁੱਕੇ ਨੇ।

ਲੋਕਾਂ ਨੇ ਮੂੰਹ ਹੀ ਨੀ ਲਾਇਆ। ਵੋਟਾਂ ਵੇਲੇ ਚਾਰ ਦਿਨ ਹਲਾ-ਲਲਾ ਕਰਕੇ ਦਿਖਾ ਦਿੱਤੀ। ਕਾਗਜ਼ੀ ਬਿਆਨ, ਫੋਕੀ ਬਿਆਨਬਾਜ਼ੀ ਤੇ ਟੀਵੀ ’ਤੇ ਚਾਰ ਮਿੰਟ ਦੀ ਫੁਟੇਜ। ਬੱਸ ਫਿਰ ਹੌਲੇ ਹੋ ਕੇ ਬਹਿ ਗਏ। ਬਹਿ ਵੀ ਕੀ, ਪੂਰੇ ਦੇ ਪੂਰੇ ਪੈ ਹੀ ਗਏ।

ਹੁਣ ਹਾਲ ਵੇਖੋ। ਕੋਈ ਝਾੜੂ ਦੇ ਦਸਤੇ ਨਾਲ ਚਿੰਬੜ ਕੇ 'ਬਦਲਾਅ' ਦੇ ਗੀਤ ਗਾ ਰਿਹਾ ਹੈ। ਕੋਈ ਚਿੱਕੜ ’ਚ ਖਿੜੇ ਕਮਲ ਦੇ ਫੁੱਲ ਨੂੰ ਸੁੰਘ-ਸੁੰਘ ਕੇ ਖ਼ੁਦ ਨੂੰ ਰਾਸ਼ਟਰਵਾਦੀ ਸਾਬਤ ਕਰਨ ’ਤੇ ਲੱਗਾ ਹੈ। ਕੋਈ ਪੰਜੇ ਹੇਠ ਧੌਣ ਦੇ ਕੇ 'ਸੈਕੂਲਰ' ਹੋਣ ਦਾ ਸਰਟੀਫਿਕੇਟ ਲੈਣ ਨੂੰ ਫਿਰਦਾ ਹੈ। ਤੇ ਕੋਈ ਮੁੜ ਤੱਕੜੀ ਦੇ 'ਵੱਟਿਆਂ' ਨਾਲ ਲਮਕਣ ਦੇ ਬਹਾਨੇ ਲੱਭ ਰਿਹਾ ਹੈ, ਕਿ ਕਿਸੇ ਤਰ੍ਹਾਂ ਪੁਰਾਣਾ ਨਿੱਘ ਮੁੜ ਮਿਲ ਜਾਵੇ।

ਗੱਲ ਕੀ, ਪੂਰਾ ਦਲ ਖੇਰੂੰ-ਖੇਰੂੰ ਹੋ ਗਿਆ ਹੈ। ਖਿੱਲਰ ਚੁੱਕਾ ਹੈ। ਨਾ ਕੋਈ ਲੜੀ, ਨਾ ਕੋਈ ਸੇਧ, ਨਾ ਕੋਈ ਲੀਡਰ। ਬਸ ਸਭ ਆਪੋ-ਆਪਣੀ ਡਫ਼ਲੀ, ਆਪੋ-ਆਪਣਾ ਰਾਗ।

ਵਜ੍ਹਾ ਕੀ ਹੈ?

ਵਜ੍ਹਾ ਦੀ ਗੱਲ ਕਰੀਏ ਤਾਂ ਪੰਜਾਬੀ ਦੀ ਕਹਾਵਤ ਹੈ - 'ਡੁੱਲਿਆਂ ਬੇਰਾਂ ਦਾ ਕੱਖ ਨੀ ਵਿਗੜਦਾ'। ਪਰ ਮੈਂ ਕਹਿੰਦਾ ਹਾਂ, ਜੇ ਬੇਰ ਹੀ ਦਾਗੀ ਜਾਂ ਗ਼ਲੇ ਹੋਏ ਹੋਣ ਤਾਂ ਉਨ੍ਹਾਂ ਦਾ ਮੁੱਲ ਵੀ ਕੱਖ ਨਹੀਂ ਪੈਂਦਾ। ਲੋਕ ਥੁੱਕ ਕੇ ਲਾਂਭੇ ਕਰ ਦਿੰਦੇ ਨੇ।

ਬਿਲਕੁਲ ਇਹੀ ਹਾਲ 'ਪੁਨਰ ਜਨਮ' ਵਾਲਿਆਂ ਦਾ ਹੈ। ਕੌਣ ਨੇ ਇਹ ਲੋਕ? ਕਿੱਥੋਂ ਆਏ ਨੇ? ਪਿਛੋਕੜ ਫਰੋਲੋ ਤਾਂ ਇੱਕ-ਅੱਧ ਨੂੰ ਛੱਡ ਕੇ ਸਾਰੇ ਉਹੀ ਚਿਹਰੇ ਨੇ ਜੋ ਬਾਦਲ ਸਰਕਾਰ ਦੀ ਚੜ੍ਹਾਈ ਵੇਲੇ ਵਜ਼ਾਰਤ ਦਾ ਨਿੱਘ ਮਾਣਦੇ ਰਹੇ। ਲਾਲ ਬੱਤੀਆਂ ਵਾਲੀਆਂ ਗੱਡੀਆਂ, ਕੋਠੀਆਂ, ਪੁੱਤਰਾਂ-ਭਤੀਜਿਆਂ ਦੀਆਂ ਨੌਕਰੀਆਂ - ਸਭ ਕੁਝ ਹਜ਼ਮ ਕਰ ਗਏ। ਜਦੋਂ ਪੰਥ ਨਾਲ ਧ੍ਰੋਹ ਕਮਾਇਆ ਜਾ ਰਿਹਾ ਸੀ, ਜਦੋਂ ਬੇਅਦਬੀਆਂ ਹੋ ਰਹੀਆਂ ਸਨ, ਜਦੋਂ ਨੌਜਵਾਨਾਂ ’ਤੇ ਗੋਲੀਆਂ ਚੱਲ ਰਹੀਆਂ ਸਨ, ਜਦੋਂ ਪੰਜਾਬ ਦਾ ਪਾਣੀ, ਜਵਾਨੀ ਤੇ ਜ਼ਮੀਰ ਲੁੱਟੀ ਜਾ ਰਹੀ ਸੀ - ਉਦੋਂ ਇਹ ਸਾਰੇ 'ਡੂੰਨ ਵੱਟੇ' ਬਣ ਕੇ ਬੈਠੇ ਰਹੇ। ਬੁੱਲ੍ਹ ਸੀਤੇ ਹੋਏ ਸੀ। ਜ਼ਮੀਰ ਤਾਂ ਜਿਵੇਂ ਗਹਿਣੇ ਰੱਖ ਦਿੱਤੀ ਹੋਵੇ। ਓਦੋਂ ਨਿੱਜੀ ਸੁਆਰਥ, ਨਿੱਜੀ ਲਾਲਚ ਤੇ ਕੁਰਸੀ ਦੀ ਭੁੱਖ ਅੱਗੇ ਸਭ ਕੁਝ ਜਾਇਜ਼ ਸੀ। ਪੰਥ ਗਿਆ ਤੇਲ ਲੈਣ। ਪਰ ਜਿਉਂ ਹੀ ਸਿਆਸੀ ਜ਼ਮੀਨ ਖਿਸਕੀ, ਜਿਉਂ ਹੀ ਲੋਕਾਂ ਨੇ 'ਛਿੱਤਰ' ਫੇਰਨੇ ਸ਼ੁਰੂ ਕੀਤੇ, ਤਾਂ ਅਚਾਨਕ ਇਨ੍ਹਾਂ ਨੂੰ ਆਪਣਾ 'ਅਲੱਗ ਪੰਥ' ਚੇਤੇ ਆ ਗਿਆ। ਰਾਤੋ-ਰਾਤ ਪੰਥਕ ਹੋ ਗਏ। ਦਸਤਾਰਾਂ ਦਾ ਰੰਗ ਗੂੜ੍ਹਾ ਹੋ ਗਿਆ, ਬੋਲੀ ’ਚ ਬਿਰਹਾ ਆ ਗਿਆ।

ਪਰਰਰਰਰਰਰ! ਜੇ ਪਬਲਿਕ ਹੈ, ਸਭ ਸਮਝਦੀ ਹੈ।ਪੰਜਾਬ ਦਾ ਲੋਕ ਹੁਣ ਭੋਲਾ ਨਹੀਂ ਰਿਹਾ। ਉਹ 40 ਸਾਲ ਦਾ ਸਿਆਸੀ ਤਜਰਬਾ ਆਪਣੀ ਛਾਤੀ ’ਤੇ ਹੰਢਾ ਚੁੱਕਾ ਹੈ। ਉਹ ਜਾਣਦਾ ਹੈ ਕਿ ਬਿੱਲੀ ਨੂੰ ਛਿੱਕਾਂ ਕਦੋਂ ਆਉਂਦੀਆਂ ਨੇ। ਲੋਕਾਂ ਨੇ ਨਾ ਇਨ੍ਹਾਂ ਨੂੰ ਘਾਹ ਪਾਇਆ, ਨਾ ਹੀ ਮੂੰਹ ਲਾਇਆ। ਚੋਣ ਨਤੀਜੇ ਗਵਾਹ ਨੇ। ਨਤੀਜਾ ਕੀ ਨਿਕਲਿਆ? ਤਿੰਨਾਂ ਵਿੱਚ ਤਾਂ ਪਹਿਲਾਂ ਵੀ ਨਹੀਂ ਸੀ, ਹੁਣ ਤੇਰਾਂ ਵਿੱਚ ਵੀ ਨਹੀਂ ਰਹੇ। ਜ਼ਮਾਨਤਾਂ ਜ਼ਬਤ ਹੋ ਗਈਆਂ। ਜਿਨ੍ਹਾਂ ਹਲਕਿਆਂ ਨੂੰ ਜੱਦੀ ਜਾਗੀਰ ਸਮਝਦੇ ਸੀ, ਉੱਥੋਂ ਲੋਕਾਂ ਨੇ ਲੱਤ ਮਾਰ ਕੇ ਬਾਹਰ ਕੱਢ ਦਿੱਤਾ। ਇਹ ਹੈ 'ਪੁਨਰ ਸੁਰਜੀਤੀ' ਦੀ ਅਸਲੀਅਤ।

ਅਸਲ ’ਚ ਇਹ 'ਪੁਨਰ ਸੁਰਜੀਤੀ' ਨਹੀਂ, 'ਸਿਆਸੀ ਪੁਨਰਵਾਸ' ਦੀ ਸਕੀਮ ਹੈ। ਜਦੋਂ ਪੁਰਾਣੀ ਦੁਕਾਨ ਬੰਦ ਹੋ ਗਈ, ਤਾਂ ਨਵਾਂ ਬੋਰਡ ਲਗਾ ਕੇ ਪੁਰਾਣਾ ਮਾਲ ਹੀ ਵੇਚਣ ਦੀ ਕੋਸ਼ਿਸ਼ ਹੈ। ਪਰ ਗਾਹਕ ਹੁਣ ਸਿਆਣਾ ਹੋ ਗਿਆ। ਉਹ ਲੇਬਲ ਨਹੀਂ, ਮਾਲ ਦੇਖਦਾ ਹੈ। ਤੇ ਮਾਲ ਸਾਰਾ ਦਾ ਸਾਰਾ 'ਐਕਸਪਾਇਰ' ਹੋ ਚੁੱਕਾ ਹੈ। ਰਹੀ ਸੁਖਬੀਰ ਬਾਦਲ ਦੀ ਗੱਲ, ਤਾਂ ਉਨ੍ਹਾਂ ਲਈ ਇੱਕੋ ਗੱਲ ਕਹਿ ਕੇ ਇਸ ਲੇਖ ਦੀ ਸਮਾਪਤੀ ਕਰਦਾ ਹਾਂ। ਉਹ ਸ਼ੇਅਰ ਯਾਦ ਆ ਗਿਆ:

'ਸਾਡਾ ਉੱਜੜ ਗਿਆਂ ਦਾ ਦੱਸ ਕੀ ਹੋਰ ਉਜਾੜੇਂਗੀ,
ਅਸੀਂ ਤਾਂ ਪਹਿਲਾਂ ਹੀ ਬਰਬਾਦ ਹਾਂ, ਤੇਰੀ ਮੁਹੱਬਤ ਕੀ ਸੰਵਾਰੇਂਗੀ।'

ਪੰਥ ਨੂੰ ਸੁਰਜੀਤ ਕਰਨ ਦਾ ਦਾਅਵਾ ਉਹ ਕਰ ਰਹੇ ਨੇ ਜਿਨ੍ਹਾਂ ਨੇ ਖ਼ੁਦ ਪੰਥ ਨੂੰ ਰੁਸਵਾ ਕਰਨ ’ਚ ਕੋਈ ਕਸਰ ਨਹੀਂ ਛੱਡੀ। ਇਹ 'ਨੀ ਨੀਤੀ' ਹੈ - ਨਾ ਨੀਤ, ਨਾ ਨੀਤੀ, ਨਾ ਅਗਵਾਈ। ਬਸ ਕੁਰਸੀ ਦੀ ਭੁੱਖ। ਤੇ ਜਦੋਂ ਨੀਤ ਹੀ ਨਾ ਹੋਵੇ, ਤਾਂ ਫ਼ੀਤੀ ਦਾ ਲਹਿ ਜਾਣਾ ਸੁਭਾਵਿਕ ਹੈ।



ਗੁਰਜਿੰਦਰ ਸਿੰਘ ਸਾਹਦੜਾ

# ਗੱਲ ਗੁਲਗਲੇ ਮੱਠੀਆਂ ਦੀ

"ਇਹ ਗੁਰਜੀਤ ਸਿੰਘ ਕੌਣ ਹੈ?" ਮੇਰੀ ਕੱਲ੍ਹ ਦੀ ਪ੍ਰੀ_ਡਿਨਰ ਵਾਲੀ ਪੋਸਟ ਪੜ੍ਹਕੇ ਕਿਸੇ ਸੁਹਰਿਦ ਪਾਠਕ ਨੇ ਸਵਾਲ ਕੀਤਾ। ਗਲਤੀ ਮੇਰੀ ਹੀ ਸੀ। ਮੈਂ ਪੋਸਟ ਵਿੱਚ ਇਹ ਕਲੀਅਰ ਨਹੀਂ ਸੀ ਕੀਤਾ। ਫਿਰ ਮੈਂ ਪੋਸਟ ਐਡਿਟ ਕਰਕੇ ਪੋਸਟ ਅਨੁਸਾਰ ਹੀ ਇਸ਼ਾਰੇ ਜਿਹੇ ਨਾਲ ਸ੍ਰੀ ਗੁਰਜੀਤ ਸਿੰਘ ਬਾਰੇ ਦੱਸਿਆ। ਸ੍ਰੀ ਗੁਰਜੀਤ ਸਿੰਘ 'ਜੰਨਤ' ਦੇ ਪਾਪਾ ਹਨ ਤੇ ਜੰਨਤ? ਜੰਨਤ ਮੇਰੀ ਬੇਗਮ ਦੀ ਮਾਸੀ ਦੀ ਬੇਟੀ ਦੀ ਵੱਡੀ ਦੋਹਤੀ ਹੈ। ਇੰਨੀ ਦੂਰ ਦੀ ਰਿਸ਼ਤੇਦਾਰੀ? ਨਹੀਂ ਦੂਰ ਦੀ ਨਹੀਂ। ਮੇਰੀ ਸਾਲੀ ਦੀ ਦੋਹਤੀ ਦੇ ਪਾਪਾ। ਜਵਾਂ ਸਾਫ ਸ਼ਬਦਾਂ ਵਿੱਚ ਸ੍ਰੀ ਗੁਰਜੀਤ ਸਿੰਘ ਸਾਡਾ ਜਵਾਈ ਭਾਈ ਹੈ। ਇਸ ਤੋਂ ਨੇੜੇ ਦਾ ਕੋਈ ਰਿਸ਼ਤਾ ਹੀ ਨਹੀਂ ਹੁੰਦਾ। ਕੱਲ੍ਹ ਗੁਰਜੀਤ ਸਿੰਘ ਆਪਣੇ ਮਾਸੜ (ਮੇਰੇ ਲਈ) ਮੱਠੀਆਂ ਬਣਾਕੇ ਲਿਆਇਆ। ਬਹੁਤ ਚੰਗਾ ਲੱਗਿਆ। ਆਪਣੇ ਘਰ ਤੋਂ ਦਸ ਹਜ਼ਾਰ ਕਿੱਲੋਮੀਟਰ ਦੂਰ, ਸੱਤ ਸਮੁੰਦਰੋਂ ਪਾਰ, ਬਾਹਰਲੇ ਮੁਲਕ ਵਿੱਚ ਆਕੇ ਵੀ ਮੈਂ ਆਪਣੇ ਇਸ ਘਰ ਨੂੰ ਛੱਜੂ ਦਾ ਚੁਬਾਰਾ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਵਿਦੇਸ਼ੀ ਫਲ, ਮੇਵੇ, ਸਨੈਕਸ ਦਾ ਸੁਆਦ ਚੱਖਣ ਤੋਂ ਇਲਾਵਾ ਮੈਂ ਹਰ ਦੇਸੀ ਡਿਸ ਘਰੇ ਬਣਵਾਈ ਤੇ ਖਾਧੀ। ਜਦੋਂ ਵੀ ਮੇਰਾ ਦਿਲ ਕੀਤਾ ਮੈਂ ਸ਼ੱਕਰ ਘਿਓ ਨਾਲ ਰੋਟੀ, ਚੂਰੀ, ਪੀਲੇ ਚੌਲ (ਜ਼ਰਦਾ), ਸੇਵੀਆਂ, ਮਿੱਠੇ ਚੌਲ, ਮੋਠ ਬਾਜਰੇ ਦੀ ਖਿੱਚੜੀ, ਦਲੀਆ, ਅਦਰਕ ਦੀ ਚੱਟਣੀ, ਹਰੀ ਮਿਰਚ ਪਿਆਜ਼ ਦੀ ਚੱਟਣੀ ਤੇ ਵੇਸ਼ਨ ਦੇ ਪੂੜੇ ਦਾ ਆਨੰਦ ਮਾਣਿਆ। ਸਾਡੇ ਇੱਥੇ ਪਹੁੰਚਣ ਤੋਂ ਬਾਅਦ ਤੀਜੇ ਚੌਥੇ ਦਿਨ ਹੀ ਅਸੀਂ ਗੁਰਜੀਤ ਘਰੋਂ ਰੱਜਵੇਂ ਪਕੌੜੇ ਖਾਧੇ ਸਨ।

"ਹੁਣ ਇੱਕ ਦਿਨ ਥੋੜੀਆਂ ਜਿਹੀਆਂ ਮੱਠੀਆਂ ਤੇ ਗੁਲਗਲੇ ਵੀ ਬਣਾ ਦੇ।" ਮੀਂਹ ਵਾਲਾ ਮੌਸਮ ਜਿਹਾ ਵੇਖਕੇ ਇੱਕ ਦਿਨ ਮੈਂ ਮੇਰੇ ਨਾਲਦੀ ਨੂੰ ਕਿਹਾ। ਉਸਨੇ ਆਪਣੇ ਦੁੱਖਦੇ ਗੋਡੇ ਗਿੱਟਿਆਂ ਦਾ ਹਵਾਲਾ ਦੇਕੇ ਇਹ ਫਰਮਾਇਸ਼ ਥੋੜੀ ਜਿਹੀ ਅੱਗੇ ਪਾ ਦਿੱਤੀ। ਫਿਰ ਭੁੱਲਿਆ ਮੈਂ ਨਹੀਂ ਤੇ ਬਣਾਉਣ ਦੀ ਹਿੰਮਤ ਉਸਦੀ ਵੀ ਨਹੀਂ ਹੋਈ। ਕੱਲ੍ਹ ਜਦੋਂ ਗੁਰਜੀਤ ਸਿੰਘ ਨੇ ਆਪਣੇ ਨਾਲ ਲਿਆਂਦੇ ਲਿਫਾਫੇ ਚੋਂ ਪਲਾਸਟਿਕ ਦਾ ਡਿੱਬਾ ਕੱਢਕੇ ਖੋਲ੍ਹਿਆ ਤੇ ਮੱਠੀਆਂ ਮੇਰੇ ਹਵਾਲੇ ਕੀਤੀਆਂ ਤਾਂ ਮੈਨੂੰ ਭਾਜਪਾ ਦੇ ਬੰਗਾਲ ਜਿੱਤਣ ਨਾਲੋਂ ਵੀ ਵੱਧ ਖੁਸ਼ੀ ਹੋਈ। ਮੈਨੂੰ ਲੱਗਿਆ ਜਿਵੇਂ ਮੈਨੂੰ ਇਰਾਨ ਨੇ ਹੋਰਮੁਜ਼ ਜਲਡਮਰੂ ਦਾ ਕੰਟ੍ਰੋਲ ਸੌਂਪ ਦਿੱਤਾ ਹੋਵੇ। ਇਹ ਮੱਠੀਆਂ ਉਸਦੀ ਹੱਥੀ ਕੀਤੀ ਮਿਹਨਤ ਦਾ ਫਲ ਹਨ। ਬਾਕੀ ਜਿਹੜਾ ਉਸਨੇ ਆਪਣੀ ਮਾਸੀ ਨੂੰ ਗੈਸ ਦਾ ਪਰਸ ਤੇ ਮੈਨੂੰ ਵਿਦੇਸ਼ੀ ਮੁਸ਼ਕ ਵਾਲੀ (ਸੈਂਟ) ਮਹਿੰਗੀ ਸੀਸੀ ਦਿੱਤੀ ਉਸਦਾ ਆਪਾਂ ਬਹੁਤਾ ਜ਼ਿਕਰ ਨਹੀਂ ਕਰਦੇ।



**ਰਮੇਸ ਸੇਠੀ ਬਾਦਲ**
**9876627233**

# ਫੀਫਾ ਵਰਲਡ ਕੱਪ ਦੀਆਂ ਟਿਕਟਾਂ ਦੀਆਂ ਕੀਮਤਾਂ ‘ਚ ਆਈ ਗਿਰਾਵਟ

## ਕੁਝ ਮੈਚਾਂ ਲਈ 100 ਡਾਲਰ ਤੋਂ ਘੱਟ ਵਿੱਚ ਮਿਲ ਰਹੀਆਂ ਨੇ ਟਿਕਟਾਂ

**ਵੈਨਕੂਵਰ, ਮਈ (ਮਲਕੀਤ ਸਿੰਘ)** – ਫੀਫਾ ਵਰਲਡ ਕੱਪ 2026 ਨੂੰ ਲੈ ਕੇ ਦੁਨੀਆ ਭਰ ਦੇ ਫੁੱਟਬਾਲ ਪ੍ਰੇਮੀਆਂ ਵਿੱਚ ਭਾਰੀ ਉਤਸ਼ਾਹ ਵੇਖਿਆ ਜਾ ਰਿਹਾ ਹੈ, ਪਰ ਇਸ ਦਰਮਿਆਨ ਟਿਕਟਾਂ ਦੀਆਂ ਕੀਮਤਾਂ ਵਿੱਚ ਆਈ ਗਿਰਾਵਟ ਚਰਚਾ ਦਾ ਵਿਸ਼ਾ ਬਣ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਟੂਰਨਾਮੈਂਟ ਦੀਆਂ ਰੀਸੇਲ ਟਿਕਟਾਂ ਦੀਆਂ ਕੀਮਤਾਂ ਪਿਛਲੇ ਇੱਕ ਮਹੀਨੇ ਦੌਰਾਨ ਲਗਭਗ 23 ਫੀਸਦੀ ਤੱਕ ਘੱਟ ਹੋ ਗਈਆਂ ਹਨ। ਰਿਪੋਰਟਾਂ ਮੁਤਾਬਕ ਕੁਝ ਪ੍ਰੀਮੀਅਮ ਅਤੇ ਵੀ.ਆਈ.ਪੀ. ਸੀਟਾਂ ਦੀਆਂ ਕੀਮਤਾਂ ਅਜੇ ਵੀ ਹਜ਼ਾਰਾਂ ਡਾਲਰ ਵਿੱਚ ਹਨ, ਪਰ ਆਮ ਦਰਜੇ ਦੀਆਂ ਕਈ ਟਿਕਟਾਂ ਹੁਣ ਕਾਫੀ ਸਸਤੀਆਂ ਹੋ ਰਹੀਆਂ ਹਨ। ਖਾਸ ਕਰਕੇ ਅਮਰੀਕਾ ਦੇ ਸੈਨ ਫਰਾਂਸਿਸਕੋ ਵਿੱਚ ਹੋਣ ਵਾਲੇ ਕੁਝ ਮੈਚਾਂ ਲਈ ਦਾਖਲਾ ਟਿਕਟਾਂ 100 ਡਾਲਰ ਤੋਂ ਘੱਟ ਕੀਮਤ ‘ਤੇ ਵੀ ਉਪਲਬਧ ਦੱਸੀਆਂ ਜਾ ਰਹੀਆਂ ਹਨ। ਖੇਡ ਮਾਹਿਰਾਂ ਦਾ ਮੰਨਣਾ ਹੈ ਕਿ ਸ਼ੁਰੂਆਤੀ ਦੌਰ ਵਿੱਚ ਟਿਕਟਾਂ ਦੀ ਮੰਗ ਬਹੁਤ ਜ਼ਿਆਦਾ ਹੋਣ ਕਾਰਨ ਰੀਸੇਲ ਬਾਜ਼ਾਰ ਵਿੱਚ ਕੀਮਤਾਂ ਬੇਹੱਦ ਵਧ ਗਈਆਂ ਸਨ, ਪਰ ਹੁਣ ਮੰਗ ਵਿੱਚ ਕੁਝ ਕਮੀ ਆਉਣ ਨਾਲ ਦਰਾਂ ਹੌਲੀ-ਹੌਲੀ ਘਟ ਰਹੀਆਂ ਹਨ।



ਇਸਦੇ ਨਾਲ ਹੀ ਕਈ ਪ੍ਰਸ਼ੰਸਕ ਆਖਰੀ ਸਮੇਂ ਤੱਕ ਵਧੀਆ ਸੌਦਿਆਂ ਦੀ ਉਡੀਕ ਵੀ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਫੀਫਾ ਵਰਲਡ ਕੱਪ 2026 ਦੀ ਮੇਜ਼ਬਾਨੀ ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਵੱਲੋਂ ਸਾਂਝੇ ਤੌਰ ‘ਤੇ ਕੀਤੀ ਜਾ ਰਹੀ ਹੈ। ਕੈਨੇਡਾ ਦੇ ਵੈਨਕੂਵਰ ਅਤੇ ਟੋਰਾਂਟੋ ਸ਼ਹਿਰਾਂ ਵਿੱਚ ਵੀ ਕਈ ਮਹੱਤਵਪੂਰਨ ਮੈਚ ਆਯੋਜਿਤ ਕੀਤੇ ਜਾਣੇ ਹਨ, ਜਿਸ ਕਾਰਨ ਕੈਨੇਡਾ ਵਿੱਚ ਵੀ ਫੁੱਟਬਾਲ ਪ੍ਰੇਮੀਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਖੇਡ ਵਿਸ਼ਲੇਸ਼ਕਾਂ ਅਨੁਸਾਰ ਆਉਣ ਵਾਲੇ ਮਹੀਨਿਆਂ ਦੌਰਾਨ ਟਿਕਟਾਂ ਦੀਆਂ ਕੀਮਤਾਂ ਵਿੱਚ ਹੋਰ ਉਤਾਰ-ਚੜ੍ਹਾਅ ਵੇਖਣ ਨੂੰ ਮਿਲ ਸਕਦਾ ਹੈ, ਖਾਸ ਕਰਕੇ ਜਦੋਂ ਟੀਮਾਂ ਅਤੇ ਮੈਚਾਂ ਦਾ ਪੂਰਾ ਸ਼ਡਿਊਲ ਅੰਤਿਮ ਰੂਪ ਵਿੱਚ ਸਾਹਮਣੇ ਆਵੇਗਾ।








# ਸਰੀ 'ਚ ਕ੍ਰਿਕਟ ਕੈਨੇਡਾ ਦੇ ਪ੍ਰਧਾਨ ਦੇ ਘਰ 'ਤੇ ਚੱਲੀਆਂ ਗੋਲੀਆਂ

### ਘਰ ਵਿੱਚ ਲੋਕ ਮੌਜੂਦ ਹੋਣ ਦੇ ਬਾਵਜੂਦ ਕੋਈ ਜ਼ਖ਼ਮੀ ਨਹੀਂ ਹੋਇਆ

**ਵੈਨਕੂਵਰ, ਮਈ (ਮਲਕੀਤ ਸਿੰਘ)** – ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਕ੍ਰਿਕਟ ਕੈਨੇਡਾ ਦੇ ਨਵ-ਚੁਣੇ ਪ੍ਰਧਾਨ ਦੇ ਘਰ 'ਤੇ ਗੋਲੀਬਾਰੀ ਹੋਣ ਦੀ ਘਟਨਾ ਸਾਹਮਣੇ ਆਈ ਹੈ। ਪਰ ਖੁਸ਼ਕਿਸਮਤੀ ਨਾਲ ਕੋਈ ਵੀ ਜ਼ਖ਼ਮੀ ਨਹੀਂ ਹੋਇਆ।ਇਹ ਘਟਨਾ ਬੁੱਧਵਾਰ ਸਵੇਰੇ ਵਾਪਰੀ, ਜਦੋਂ ਅਣਪਛਾਤੇ ਵਿਅਕਤੀਆਂ ਵੱਲੋਂ ਘਰ ਨੂੰ ਨਿਸ਼ਾਨਾ ਬਣਾਉਂਦਿਆਂ ਗੋਲੀਆਂ ਚਲਾਈਆਂ ਗਈਆਂ। ਘਟਨਾ ਮਗਰੋਂ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਪੁਲਿਸ ਵੱਲੋਂ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ ਗਈ। ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਵੱਲੋਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਹਮਲੇ ਦੇ ਪਿੱਛੇ ਕੀ ਕਾਰਨ ਸਨ ਅਤੇ ਇਸ ਵਿੱਚ ਕੌਣ ਲੋਕ ਸ਼ਾਮਲ ਹੋ ਸਕਦੇ ਹਨ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਫਿਲਹਾਲ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਅਤੇ ਜਾਂਚ ਜਾਰੀ ਹੈ। ਨਾਲ ਹੀ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਕਿਸੇ ਨੇ ਘਟਨਾ ਸਬੰਧੀ ਕੋਈ ਸ਼ੱਕੀ ਗਤੀਵਿਧੀ ਵੇਖੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰਨ। ਇਸ ਘਟਨਾ ਮਗਰੋਂ ਸਰੀ ਦੇ ਵਸਨੀਕਾਂ ਵਿੱਚ ਸੁਰੱਖਿਆ ਨੂੰ ਲੈ ਕੇ ਚਿੰਤਾ ਵਧ ਗਈ ਹੈ। ਖੇਡ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਨਾਲ ਜੁੜੇ ਲੋਕਾਂ ਵੱਲੋਂ ਵੀ ਇਸ ਘਟਨਾ 'ਤੇ ਚਿੰਤਾ ਜਤਾਈ ਜਾ ਰਹੀ ਹੈ।

# ਮਾਂਟਰੀਅਲ ਵਿਕਟੂਆਰ ਨੇ ਜਿੱਤਿਆ ਪੀਡਬਲਯੂਐਚਐਲ ਦਾ ਖਿਤਾਬ

### ਐਬੀ ਰੋਕ ਨੇ ਦੋ ਗੋਲ ਕਰਕੇ ਟੀਮ ਨੂੰ ਬਣਾਇਆ ਪਹਿਲਾ ਕੈਨੇਡੀਅਨ ਚੈਂਪੀਅਨ

**ਵੈਨਕੂਵਰ, ਮਈ (ਮਲਕੀਤ ਸਿੰਘ)** – ਕੈਨੇਡਾ ਦੀ ਮਹਿਲਾ ਹਾਕੀ ਟੀਮ ਮਾਂਟਰੀਅਲ ਵਿਕਟੂਆਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੀਡਬਲਯੂਐਚਐਲ ਦਾ ਖਿਤਾਬ ਆਪਣੇ ਨਾਮ ਕਰ ਲਿਆ ਹੈ। ਇਸ ਜਿੱਤ ਨਾਲ ਮਾਂਟਰੀਅਲ ਵਿਕਟੂਆਰ ਲੀਗ ਦੇ ਇਤਿਹਾਸ ਵਿੱਚ ਖਿਤਾਬ ਜਿੱਤਣ ਵਾਲੀ ਪਹਿਲੀ ਕੈਨੇਡੀਅਨ ਟੀਮ ਬਣ ਗਈ ਹੈ।ਫਾਈਨਲ ਮੁਕਾਬਲੇ ਦੌਰਾਨ ਐਬੀ ਰੋਕ ਨੇ ਦੋ ਮਹੱਤਵਪੂਰਨ ਗੋਲ ਕਰਕੇ ਆਪਣੀ ਟੀਮ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ। ਮੈਚ ਮਗਰੋਂ ਖਿਡਾਰੀਆਂ ਅਤੇ ਪ੍ਰਸ਼ੰਸਕਾਂ ਵਿੱਚ ਭਾਰੀ ਉਤਸ਼ਾਹ ਵੇਖਿਆ ਗਿਆ ਅਤੇ ਟੀਮ ਨੇ ਵਾਲਟਰ ਕੱਪ ਚੁੱਕ ਕੇ ਜਸ਼ਨ ਮਨਾਇਆ। ਖੇਡ ਮਾਹਿਰਾਂ ਦਾ ਮੰਨਣਾ ਹੈ ਕਿ ਮਾਂਟਰੀਅਲ ਵਿਕਟੂਆਰ ਦੀ ਇਹ ਜਿੱਤ ਕੈਨੇਡਾ ਵਿੱਚ ਮਹਿਲਾ ਹਾਕੀ ਲਈ ਇੱਕ ਵੱਡੀ ਉਪਲਬਧੀ ਹੈ। ਟੀਮ ਨੇ ਪੂਰੇ ਸੀਜ਼ਨ ਦੌਰਾਨ ਸੰਤੁਲਿਤ ਅਤੇ ਪ੍ਰਭਾਵਸ਼ਾਲੀ ਖੇਡ ਦਿਖਾਈ, ਜਿਸਦਾ ਫਲ ਉਸਨੂੰ ਚੈਂਪੀਅਨ ਬਣ ਕੇ ਮਿਲਿਆ। ਮੁਕਾਬਲੇ ਮਗਰੋਂ ਟੀਮ ਦੇ ਪ੍ਰਸ਼ੰਸਕਾਂ ਵੱਲੋਂ ਖਿਡਾਰੀਆਂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਮਾਹਿਰਾਂ ਅਨੁਸਾਰ ਇਸ ਜਿੱਤ ਨਾਲ ਕੈਨੇਡਾ ਵਿੱਚ ਮਹਿਲਾ ਹਾਕੀ ਨੂੰ ਹੋਰ ਉਤਸ਼ਾਹ ਅਤੇ ਪ੍ਰਸਿੱਧੀ ਮਿਲਣ ਦੀ ਸੰਭਾਵਨਾ ਹੈ।



**ਮਾਂਟਰੀਅਲ ਵਿਕਟੂਆਰ ਦੀ ਖਿਡਾਰਨ ਵਾਲਟਰ ਕੱਪ ਟਰਾਫੀ ਚੁੱਕ ਕੇ ਜਸ਼ਨ ਮਨਾਉਂਦੀ ਹੋਈ।**






# ਈਬੋਲਾ ਪਾਬੰਦੀਆਂ ਕਾਰਨ ਅਮਰੀਕਾ ਜਾ ਰਹੀ ਉਡਾਣ ਮਾਂਟਰੀਅਲ ਵੱਲ ਮੋੜੀ

**ਵੈਨਕੂਵਰ, ਮਈ (ਮਲਕੀਤ ਸਿੰਘ)** – ਫਰਾਂਸ ਦੀ ਰਾਜਧਾਨੀ ਪੈਰਿਸ ਤੋਂ ਅਮਰੀਕਾ ਦੇ ਡਿਟਰੋਇਟ ਜਾ ਰਹੀ ਏਅਰ ਫਰਾਂਸ ਦੀ ਇੱਕ ਉਡਾਣ ਨੂੰ ਈਬੋਲਾ ਸੰਬੰਧੀ ਪਾਬੰਦੀਆਂ ਕਾਰਨ ਕੈਨੇਡਾ ਦੇ ਮਾਂਟਰੀਅਲ ਸ਼ਹਿਰ ਵੱਲ ਮੋੜ ਦਿੱਤਾ ਗਿਆ। ਇਸ ਘਟਨਾ ਮਗਰੋਂ ਹਵਾਈ ਯਾਤਰੀਆਂ ਅਤੇ ਸਿਹਤ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਚਰਚਾ ਛਿੜ ਗਈ ਹੈ।

ਅਮਰੀਕੀ ਅਧਿਕਾਰੀਆਂ ਅਨੁਸਾਰ ਕਾਂਗੋ ਦੇਸ਼ ਨਾਲ ਸੰਬੰਧਿਤ ਇੱਕ ਯਾਤਰੀ ਨੂੰ ਗਲਤੀ ਨਾਲ ਜਹਾਜ਼ ਵਿੱਚ ਸਵਾਰ ਹੋਣ ਦੀ ਇਜਾਜ਼ਤ ਮਿਲ ਗਈ ਸੀ। ਦੱਸਿਆ ਜਾ ਰਿਹਾ ਹੈ ਕਿ ਉਸ ਯਾਤਰੀ 'ਤੇ ਈਬੋਲਾ ਸੰਬੰਧੀ ਯਾਤਰਾ ਪਾਬੰਦੀਆਂ ਲਾਗੂ ਸਨ, ਜਿਸ ਕਾਰਨ ਅਮਰੀਕੀ ਪ੍ਰਸ਼ਾਸਨ ਨੇ ਜਹਾਜ਼ ਨੂੰ ਆਪਣੇ ਹਵਾਈ ਖੇਤਰ ਵਿੱਚ ਦਾਖਲ ਹੋਣ ਦੀ ਮਨਜ਼ੂਰੀ ਨਹੀਂ ਦਿੱਤੀ।ਜਾਣਕਾਰੀ ਮੁਤਾਬਕ ਜਹਾਜ਼ ਨੂੰ ਬਾਅਦ ਵਿੱਚ ਸੁਰੱਖਿਅਤ ਢੰਗ ਨਾਲ ਮਾਂਟਰੀਅਲ ਹਵਾਈ ਅੱਡੇ 'ਤੇ ਉਤਾਰਿਆ ਗਿਆ, ਜਿੱਥੇ ਸਿਹਤ ਅਤੇ ਸਰਹੱਦੀ ਅਧਿਕਾਰੀਆਂ ਵੱਲੋਂ ਲਾਜ਼ਮੀ ਜਾਂਚ ਅਤੇ ਕਾਰਵਾਈ ਕੀਤੀ ਗਈ। ਅਧਿਕਾਰੀਆਂ ਨੇ ਕਿਹਾ ਕਿ ਯਾਤਰੀਆਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਗਈ ਹੈ।ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਈਬੋਲਾ ਵਰਗੀਆਂ ਘਾਤਕ ਬਿਮਾਰੀਆਂ ਦੇ ਮਾਮਲਿਆਂ ਵਿੱਚ ਅੰਤਰਰਾਸ਼ਟਰੀ ਯਾਤਰਾ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ, ਤਾਂ ਜੋ ਸੰਕਰਮਣ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕੇ। ਇਸ ਘਟਨਾ ਮਗਰੋਂ ਏਅਰ ਫਰਾਂਸ ਅਤੇ ਸੰਬੰਧਿਤ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਆਖਿਰ ਪਾਬੰਦੀਸ਼ੁਦਾ ਯਾਤਰੀ ਜਹਾਜ਼ ਵਿੱਚ ਕਿਵੇਂ ਸਵਾਰ ਹੋ ਗਿਆ।




**ਏਅਰ ਫਰਾਂਸ ਦਾ ਇੱਕ ਹਵਾਈ ਜਹਾਜ**

# ਕੀ ਜੇਡੀ ਵੈਂਸ ਰਾਸ਼ਟਰਪਤੀ ਵਜੋਂ ਸਫਲ ਹੋ ਸਕਦੇ ਹਨ?

ਜੇਡੀ ਵੈਂਸ ਨੂੰ ਸਿਆਸੀ ਨਕਸ਼ੇ ਉੱਤੇ ਰੱਖਣਾ ਔਖਾ ਨਹੀਂ। ਉਨ੍ਹਾਂ ਨੂੰ ਸਮਝਣਾ ਸੌਖਾ ਹੈ, ਪਰ ਭਵਿੱਖ ਦੇ ਰਾਸ਼ਟਰਪਤੀ ਵਜੋਂ ਪਰਖਣਾ ਕਾਫ਼ੀ ਮੁਸ਼ਕਲ ਹੈ। ਉਹ ਡੋਨਾਲਡ ਟਰੰਪ ਨਾਲੋਂ ਜ਼ਿਆਦਾ ਸੰਯਤ ਲੱਗਦੇ ਹਨ, ਉਨ੍ਹਾਂ ਦੀ ਬੋਲੀ ਜ਼ਿਆਦਾ ਸਲੀਕੇਦਾਰ ਹੈ, ਅਤੇ ਜਨਤਕ ਮੰਚ ਉੱਤੇ ਬਿਨਾ ਸੋਚੇ ਕੁਝ ਕਹਿ ਦੇਣ ਦੀ ਸੰਭਾਵਨਾ ਘੱਟ ਦਿਖਦੀ ਹੈ। ਪਰ ਇਹ ਗੱਲ ਆਪਣੇ ਆਪ ਵਿੱਚ ਵੱਡੇ ਸਵਾਲ ਦਾ ਜਵਾਬ ਨਹੀਂ ਬਣਦੀ। ਅਸਲ ਪਰਖ ਇਹ ਹੈ ਕਿ ਉਨ੍ਹਾਂ ਦੇ ਵਿਸ਼ਵਾਸ, ਉਨ੍ਹਾਂ ਦੀਆਂ ਸਾਂਝਾਂ, ਅਤੇ ਸੱਤਾ ਨੂੰ ਵਰਤਣ ਦੇ ਢੰਗ ਨਾਲ ਇੱਕ ਮਜ਼ਬੂਤ ਰਾਸ਼ਟਰਪਤੀ ਬਣਦਾ ਹੈ ਜਾਂ ਸਿਰਫ਼ ਇੱਕ ਜ਼ਿਆਦਾ ਸੁਚੱਜਾ ਪਰ ਕਠੋਰ ਰੂਪ। ਮਹਾਨ ਚੰਗੀ ਸੋਚ, ਹਲੀਮੀ, ਨਿਮਰਤਾ ਰਾਸ਼ਟਰਪਤੀ ਬਣਨ ਲਈ ਫ਼ੈਸਲੇ ਦੀ ਪਕੜ, ਖੁਦਮੁਖਤਿਆਰੀ, ਅਤੇ ਵੱਡੇ ਪੱਧਰ ਦੇ ਭਰੋਸੇ ਦੀ ਲੋੜ ਹੁੰਦੀ ਹੈ। ਜੇਡੀ ਵੈਂਸ ਨੇ ਅਜੇ ਤੱਕ ਇਹ ਤਿੰਨੇ ਗੁਣ ਇਕੱਠੇ ਨਹੀਂ ਦਿਖਾਏ।

ਉਹ ਸਿਰਫ਼ ਡੋਨਾਲਡ ਟਰੰਪ ਦੀ ਗੂੰਜ ਨਹੀਂ ਹਨ। ਜੇਡੀ ਵੈਂਸ ਇੱਕ ਅਜਿਹੇ ਸਿਆਸਤਦਾਨ ਹਨ ਜਿਸਦੀ ਆਪਣੀ ਸੋਚ ਹੈ, ਅਤੇ ਇਹ ਸੋਚ ਮਹੱਤਵਪੂਰਨ ਹੈ, ਕਿਉਂਕਿ ਰਾਸ਼ਟਰਪਤੀ ਸਿਰਫ਼ ਘਟਨਾਵਾਂ ਦਾ ਪ੍ਰਬੰਧ ਨਹੀਂ ਕਰਦਾ, ਉਹ ਇਹ ਵੀ ਤੈਅ ਕਰਦਾ ਹੈ ਕਿ ਕਿਹੜੀਆਂ ਘਟਨਾਵਾਂ ਨੂੰ ਅਹਿਮ ਮੰਨਿਆ ਜਾਵੇ। ਉਨ੍ਹਾਂ ਦੇ ਜਨਤਕ ਰੁਝਾਨ ਰਾਸ਼ਟਰੀ ਰੂੜ੍ਹੀਵਾਦ, ਸ਼ੁਲਕਾਂ, ਕੜੀਆਂ ਹਿਜਰਤ ਨੀਤੀਆਂ, ਗਰਭਪਾਤ ਵਿਰੋਧੀ ਰਾਜਨੀਤੀ, ਅਤੇ ਪਰਿਵਾਰ ਤੇ ਰਾਸ਼ਟਰ ਦੇ ਆਲੇ ਦੁਆਲੇ ਹੋਰ ਸਖ਼ਤ ਸੱਭਿਆਚਾਰਕ ਰੇਖਾ ਵੱਲ ਇਸ਼ਾਰਾ ਕਰਦੇ ਹਨ।


ਆਲੋਚਕਾਂ ਨੇ ਉਨ੍ਹਾਂ ਦੇ ਸੱਜੇ ਪੱਖੀ ਬੁੱਧੀਜੀਵੀ ਗੋਲਾਂ ਨਾਲ ਸੰਬੰਧਾਂ ਉੱਤੇ ਵੀ ਧਿਆਨ ਦਿੱਤਾ ਹੈ, ਜਿਸ ਵਿੱਚ ਕਰਟਿਸ ਯਾਰਵਿਨ ਨਾਲ ਜੋੜਿਆ ਜਾਂਦਾ ਅਗਿਆਨਤਾ ਵੀ ਸ਼ਾਮਲ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਰ ਲੇਬਲ ਸਿੱਧਾ ਅਤੇ ਸਹੀ ਬੈਠਦਾ ਹੈ, ਪਰ ਇੱਕ ਗੱਲ ਸਾਫ਼ ਹੈ। ਜੇਡੀ ਵੈਂਸ ਵਿਚਾਰਧਾਰਾ ਤੋਂ ਉੱਪਰ ਨਹੀਂ ਖੜ੍ਹੇ। ਉਹ ਉਸ ਹਲਚਲ ਦੇ ਅੰਦਰ ਬੈਠੇ ਹਨ ਜੋ ਮੰਨਦੀ ਹੈ ਕਿ ਉਦਾਰਵਾਦੀ ਪ੍ਰਬੰਧ ਕਮਜ਼ੋਰ ਹੋ ਗਿਆ ਹੈ, ਨਰਮ ਪੈ ਗਿਆ ਹੈ, ਅਤੇ ਬਹੁਤ ਜ਼ਿਆਦਾ ਖੁੱਲ੍ਹਾ ਹੋ ਗਿਆ ਹੈ।

ਉਨ੍ਹਾਂ ਦੀ ਖਿਚ ਇਸੇ ਮਿਲਾਪ ਵਿਚ ਹੈ। ਉਹ ਮਜ਼ਦੂਰ ਵਰਗ ਦੀ ਗੱਲ ਕਰਦੇ ਹਨ, ਪਿੱਛੇ ਰਹਿ ਗਏ ਸ਼ਹਿਰਾਂ ਦੀ, ਅਤੇ ਇਲਾਇਟਾਂ ਦੀ ਨਾਕਾਮੀ ਦੀ। ਉਸੇ ਸਮੇਂ ਉਹ ਉਹਨਾਂ ਸਭਿਆਚਾਰਕ ਮੁੱਦਿਆਂ ਦਾ ਸਮਰਥਨ ਕਰਦੇ ਹਨ ਜੋ ਅੱਜ ਦੀ ਸੱਜੀ ਰਾਜਨੀਤੀ ਨੂੰ ਪਸੰਦ ਹਨ ਸਿੱਥੇ ਲਫ਼ਜਾਂ ਵਿਚ ਕਹੀਏ ਤਾਂ ਉਹ ਟਰੰਪ ਦੀ ਬੋਲੀ ਬੋਲਦੇ ਹਨ ਉਹਨਾਂ ਦੀ ਰੰਗਤ ਤੇ ਸੰਗਤ, ਕੂਟਨੀਤੀ 'ਚ ਹਾਂ 'ਚ ਹਾਂ ਮਿਲਾ ਰਹੇ ਹਨ। ਇਹ ਉਹਨਾਂ ਦਾ ਰੋਜਾਨ- ਨੀਤੀ ਸਧਾਰਣ ਅਤੇ ਜ਼ਮੀਨੀ ਲੱਗਦੀ ਹੈ, ਪਰ ਅਸਲ ਰੁਖ ਕਾਫ਼ੀ ਸਖ਼ਤ ਹੈ।

ਇਹ ਜੋੜ ਉਨ੍ਹਾਂ ਨੂੰ ਸਿਆਸੀ ਤੌਰ ਉੱਤੇ ਫ਼ਾਇਦਾ ਦੇ ਸਕਦਾ ਹੈ, ਕਿਉਂਕਿ ਇਸ ਨਾਲ ਉਹ ਧਰਤੀ ਨਾਲ ਜੁੜਿਆ ਹੋਇਆ ਲੱਗ ਕੇ ਕਠੋਰ ਰੂੜ੍ਹੀਵਾਦੀ ਨੀਤੀਆਂ ਅੱਗੇ ਵਧਾ ਸਕਦੇ ਹਨ। ਉਹ ਮਜ਼ਦੂਰੀ ਅਤੇ ਫੈਕਟਰੀਆਂ ਦੀ ਗੱਲ ਕਰ ਸਕਦੇ ਹਨ, ਫਿਰ ਹਿਜਰਤ, ਗਰਭਪਾਤ, ਅਤੇ ਰਾਸ਼ਟਰੀ ਪਛਾਣ ਵੱਲ ਮੁੜ ਸਕਦੇ ਹਨ। ਸ਼ਬਦ ਸਾਦੇ ਹਨ, ਪਰ ਦਿਸ਼ਾ ਇਕ ਐਸੇ ਦੇਸ਼ ਵੱਲ ਜਾਂਦੀ ਹੈ ਜੋ ਹੋਰ ਤੰਗ ਹੋ ਜਾਂਦਾ ਹੈ।

ਡੋਨਾਲਡ ਟਰੰਪ ਅਕਸਰ ਅਚਾਨਕੀ ਅੰਦਾਜ਼ ਵਿਚ ਚਲਦੇ ਹਨ। ਉਨ੍ਹਾਂ ਦੇ ਰੁਖ ਮਾਣ, ਗੁੱਸੇ, ਜਾਂ ਕਿਸੇ ਸੋਸ਼ਲ ਮੀਡੀਆ ਪੋਸਟ ਨਾਲ ਬਦਲ ਸਕਦੇ ਹਨ। ਜੇਡੀ ਵੈਂਸ ਵੱਖਰੇ ਦਿਖਦੇ ਹਨ। ਉਨ੍ਹਾਂ ਦੇ ਵਿਚਾਰ ਜ਼ਿਆਦਾ ਗਠਿਤ ਹਨ, ਅਤੇ ਇਹ ਗੱਲ ਉਨ੍ਹਾਂ ਨੂੰ ਅਹੁਦੇ ਉੱਤੇ ਜ਼ਿਆਦਾ ਇਕਸਾਰ ਬਣਾ ਸਕਦੀ ਹੈ ਪਰ ਉਸ ਨੂੰ ਟਰੰਪ ਤੋ ਕੁਝ ਦੂਰੀ ਬਣਾ ਕੇ ਆਪਣੀ ਹੋਂਦ ਆਪਣੀ ਸੋਚ ਦਾ ਪ੍ਰਦਰਸ਼ਨ ਕਰਨਾ ਪਏਗਾ।

ਪਰ ਇਹ ਇਕਸਾਰਤਾ ਦੋ ਧਾਰੀ ਤਲਵਾਰ ਹੈ। ਪੱਕੇ ਵਿਚਾਰਾਂ ਵਾਲਾ ਰਾਸ਼ਟਰਪਤੀ




ਜ਼ਿਆਦਾ ਸੰਯਤ ਹੋ ਸਕਦਾ ਹੈ, ਪਰ ਉਸਨੂੰ ਸੁਧਾਰਨਾ ਵੀ ਔਖਾ ਹੁੰਦਾ ਹੈ। ਜੇਡੀ ਵੈਂਸ ਨੂੰ ਲੱਗੇ ਕਿ ਸ਼ੁਲਕ ਬਣੇ ਰਹਿਣੇ ਚਾਹੀਦੇ ਹਨ, ਜਾਂ ਹਿਜਰਤ ਸਭ ਤੋਂ ਵੱਡਾ ਰਾਸ਼ਟਰੀ ਖ਼ਤਰਾ ਹੈ, ਤਾਂ ਉਹ ਨੁਕਸਾਨ ਦੇ ਬਾਵਜੂਦ ਵੀ ਉਸੀ ਲਾਈਨ ਉੱਤੇ ਟਿਕ ਸਕਦੇ ਹਨ। ਕਾਬਲੀਅਤ ਕਈ ਵਾਰ ਗਲਤ ਏਜੰਡੇ ਨੂੰ ਹੋਰ ਤੇਜ਼ ਕਰ ਦਿੰਦੀ ਹੈ।

ਵਿਦੇਸ਼ ਨੀਤੀ ਬਾਰੇ ਉਨ੍ਹਾਂ ਦੀ ਸੋਚ ਵੀ ਇਸੇ ਢਾਂਚੇ ਵਿਚ ਫਿੱਟ ਬੈਠਦੀ ਹੈ। ਉਹ ਕਈ ਰਿਪਬਲਿਕਨਾਂ ਨਾਲੋਂ ਘੱਟ ਜੰਗਜੂ ਲੱਗਦੇ ਹਨ, ਪਰ ਉਨ੍ਹਾਂ ਦਾ ਹਸਤਕਸ਼ੇਪ ਵਿਰੋਧੀ ਰੁਖ ਅਕਸਰ ਸਿਰਫ਼ ਗਠਜੋੜਾਂ ਅਤੇ ਮਦਦ ਪ੍ਰਤੀ ਸ਼ੱਕ ਤੱਕ ਸੀਮਤ ਦਿਖਦਾ ਹੈ। ਇਹ ਪੂਰੀ ਸ਼ਾਂਤੀ ਦੀ ਸੋਚ ਨਹੀਂ ਹੈ। ਅਜਿਹਾ ਰਾਸ਼ਟਰਪਤੀ ਸੰਯਮ ਦੀ ਗੱਲ ਕਰਦਿਆਂ ਵੀ ਅਮਰੀਕਾ ਦੀ ਵਿਸ਼ਵ ਪੱਧਰੀ ਸਥਿਤੀ ਨੂੰ ਕਮਜ਼ੋਰ ਕਰ ਸਕਦਾ ਹੈ।

ਵੈਂਸ, ਸੰਭਵ ਤੌਰ ਉੱਤੇ, ਡੋਨਾਲਡ ਟਰੰਪ ਨਾਲੋਂ ਕਿਤੇ ਵੱਧ ਅਨੁਸ਼ਾਸਿਤ ਢੰਗ ਨਾਲ ਸਰਕਾਰ ਚਲਾਉਣਗੇ। ਉਹ ਛੋਟੇ ਹਨ, ਪੇਸ਼ਕਾਰੀ ਵਿਚ ਤਿੱਖੇ ਹਨ, ਅਤੇ ਸ਼ਬਦ ਚੁਣਨ ਵਿੱਚ ਸਾਵਧਾਨ ਹਨ। ਸਿਰਫ਼ ਇਹੀ ਗੱਲ ਉਨ੍ਹਾਂ ਦੇ ਵਾਈਟ ਹਾਊਸ ਨੂੰ ਪਹਿਲੇ ਦਿਨ ਤੋਂ ਘੱਟ ਹੜਬੜ ਵਾਲਾ ਬਣਾ ਦੇਵੇਗੀ।

ਇੱਕ ਸ਼ਾਂਤ ਰਾਸ਼ਟਰਪਤੀ ਅਹਿਮ ਹੋ ਸਕਦਾ ਹੈ। ਅਦਾਰੇ ਉਸ ਵੇਲੇ ਚੰਗੇ ਕੰਮ ਕਰਦੇ ਹਨ ਜਦੋਂ ਉਨ੍ਹਾਂ ਨੂੰ ਅਚਾਨਕੀ ਮੋੜਾਂ ਦਾ ਪਿੱਛਾ ਨਾ ਕਰਨਾ ਪਵੇ। ਬਾਜ਼ਾਰ ਅਨੁਮਾਨ ਯੋਗਤਾ ਪਸੰਦ ਕਰਦੇ ਹਨ। ਸਾਥੀ ਦੇਸ਼ ਵੀ ਉਸ ਵੇਲੇ ਆਸਾਨੀ ਮਹਿਸੂਸ ਕਰਦੇ ਹਨ ਜਦੋਂ ਰਾਸ਼ਟਰਪਤੀ ਸੰਭਲ ਕੇ ਬੋਲਦਾ ਹੈ, ਨਾ ਕਿ ਹੜਵਲੀ ਵਿੱਚ। ਸਤਹ ਉੱਤੇ ਜੇਡੀ ਵੈਂਸ ਇੱਕ ਥੱਕੀ ਹੋਈ ਰਾਜਨੀਤਿਕ ਮਸ਼ੀਨ ਦੀ ਮੁਰੰਮਤ ਜਿਹਾ ਲੱਗ ਸਕਦਾ ਹੈ।

ਉਹ ਸ਼ਾਇਦ ਨਾਟਕਬਾਜ਼ੀ ਘੱਟ ਕਰਨਗੇ। ਉਹ ਤਰਕ ਸੁਣਨ ਲਈ ਜ਼ਿਆਦਾ ਧੀਰਜ ਰੱਖਦੇ ਹਨ, ਨੀਤੀ ਦੇ ਬਾਰੀਕ ਵੇਰਵਿਆਂ ਨਾਲ ਬੈਠਣ ਨੂੰ ਤਿਆਰ ਦਿਖਦੇ ਹਨ, ਅਤੇ ਨਿੱਜੀ ਡਰਾਮੇ ਦੇ ਆਦੀ ਨਹੀਂ ਲੱਗਦੇ। ਇਹ ਗੁਣ ਸੱਤਾ ਨੂੰ ਜ਼ਿਆਦਾ ਸਫ਼ ਬਣਾਉਣਗੇ।

ਪਰ ਕ੍ਰਾਈਸਿਸ ਦੇ ਵੇਲੇ ਇਹ ਗੱਲ ਹੋਰ ਮਹੱਤਵਪੂਰਨ ਹੋ ਜਾਂਦੀ ਹੈ। ਇੱਕ ਸੰਯਤ ਰਾਸ਼ਟਰਪਤੀ ਕਮਰੇ ਦਾ ਮਾਹੌਲ ਸੰਭਾਲ ਸਕਦਾ ਹੈ, ਘੱਟੋ ਘੱਟ ਕੁਝ ਸਮੇਂ ਲਈ। ਮੁਸ਼ਕਲ ਇਹ ਹੈ ਕਿ ਸ਼ਾਂਤੀ ਸਹੀ ਫ਼ੈਸਲੇ ਦੀ ਜ਼ਾਮਿਨ ਨਹੀਂ। ਚੁੱਪੀ ਵਾਲਾ ਗਲਤ ਫ਼ੈਸਲਾ ਵੀ ਗਲਤ ਫ਼ੈਸਲਾ ਹੀ ਰਹਿੰਦਾ ਹੈ।

ਰਾਸ਼ਟਰਪਤੀ ਦੀ ਮਹਾਨਤਾ ਸ਼ਿਸ਼ਟਾਚਾਰ ਜਾਂ ਸੁਨੇਹੇ ਦੀ ਕਸਰਤ ਤੋਂ ਨਹੀਂ ਆਉਂਦੀ। ਇਹ ਦਬਾਅ ਹੇਠ ਸੋਚਣ, ਹਕੀਕਤ ਬਦਲਣ ਤੇ ਆਪਣੇ ਆਪ ਨੂੰ ਢਾਲਣ, ਅਤੇ ਕਿਸੇ ਧੜੇ ਤੋਂ ਉੱਪਰ ਦੇਸ਼ ਨੂੰ ਰੱਖਣ ਨਾਲ ਆਉਂਦੀ ਹੈ। ਜੇਡੀ ਵੈਂਸ ਦੀ ਰਾਜਨੀਤੀ ਉਲਟੀ ਦਿਸ਼ਾ ਵੱਲ ਇਸ਼ਾਰਾ ਕਰਦੀ ਹੈ। ਉਹ ਸਾਂਝਾ ਭਰੋਸਾ ਬਣਾਉਣ ਵਾਲੇ ਆਗੂ ਨਾਲੋਂ ਇੱਕ ਛੋਟੀ ਏਜੰਡਾ ਚਲਾਉਣ ਵਾਲੇ ਸੁਚੱਜੇ ਮੈਨੇਜਰ ਜ਼ਿਆਦਾ ਲੱਗਦੇ ਹਨ।

ਜੇ ਕੋਈ ਅਨੁਸ਼ਾਸਿਤ ਰਾਸ਼ਟਰਵਾਦੀ ਰਾਜ ਦੀ ਪੂਰੀ ਤਾਕਤ ਹੱਥ ਵਿਚ ਲੈ ਲਵੇ, ਤਾਂ ਨੁਕਸਾਨ ਹਕੀਕਤੀ ਹੋ ਸਕਦਾ ਹੈ। ਸ਼ੁਲਕ ਹੋਰ ਪੱਕੇ ਹੋ ਸਕਦੇ ਹਨ। ਹਿਜਰਤ ਰੋਕਾਂ ਹੋਰ ਕਠੋਰ ਹੋ ਸਕਦੀਆਂ ਹਨ। ਸੱਭਿਆਚਾਰਕ ਟਕਰਾਅ ਸਰਕਾਰੀ ਰੂਪ ਧਾਰ ਸਕਦਾ ਹੈ। ਕਾਬਲੀਅਤ ਅਜਿਹੇ ਮਕਸਦਾਂ ਨੂੰ ਨਰਮ ਨਹੀਂ ਕਰਦੀ, ਉਹਨਾਂ ਨੂੰ ਲਾਗੂ ਕਰਨਾ ਸੌਖਾ ਕਰ ਦਿੰਦੀ ਹੈ।

ਸਭ ਤੋਂ ਵੱਡੀ ਸਮੱਸਿਆ ਇਹ ਨਹੀਂ ਕਿ ਵੈਂਸ ਉੱਚੀ ਆਵਾਜ਼ ਵਾਲੇ ਜਾਂ ਪਸੰਦ ਆਉਣ ਵਾਲੇ ਨਹੀਂ। ਮੁੱਖ ਗੱਲ ਇਹ ਹੈ ਕਿ ਉਨ੍ਹਾਂ ਨੂੰ ਹਾਲੇ ਤੱਕ ਇੱਕ ਸੱਚੇ ਰਾਸ਼ਟਰੀ ਕਾਰਜਪਾਲਕ ਵਜੋਂ ਪਰਖਿਆ ਨਹੀਂ ਗਿਆ। ਉਹ ਸੈਨੇਟਰ ਰਹੇ ਹਨ ਅਤੇ ਫਿਰ ਉੱਪ-ਰਾਸ਼ਟਰਪਤੀ, ਪਰ ਇਹ ਪੂਰੇ ਸੰਕਟ ਵਿਚ ਇਕ ਵੱਡੀ ਸਰਕਾਰ ਚਲਾਉਣ ਵਰਗਾ ਨਹੀਂ ਹੁੰਦਾ।

ਰਾਸ਼ਟਰਪਤੀ ਅਜਿਹੇ ਝਟਕੇ ਵੇਖਦੇ ਹਨ ਜਿਨ੍ਹਾਂ ਦੀ ਪਹਿਲਾਂ ਕੋਈ ਯੋਜਨਾ ਨਹੀਂ ਬਣ ਸਕਦੀ। ਬਾਜ਼ਾਰ ਹਿੱਲ ਜਾਂਦੇ ਹਨ। ਜੰਗਾਂ ਛਿੜ ਜਾਂਦੀਆਂ ਹਨ। ਅਦਾਰੇ ਫੇਲ ਹੋ ਸਕਦੇ ਹਨ। ਮਹਾਨ ਰਾਸ਼ਟਰਪਤੀ ਅਜਿਹੇ ਵੇਲੇ ਇੱਕ ਗੱਲ ਦਿਖਾਉਂਦੇ ਹਨ, ਦਬਾਅ ਹੇਠ ਸਹੀ ਫ਼ੈਸਲਾ। ਵੈਂਸ ਨੇ ਅਜੇ ਤੱਕ ਇਹ ਪਰੀਖਿਆ ਨਹੀਂ ਦਿੱਤੀ, ਅਤੇ ਉਨ੍ਹਾਂ ਦਾ ਜਨਤਕ ਰਿਕਾਰਡ ਭਰੋਸੇ ਲਈ ਘੱਟ ਹੀ ਕਾਰਨ ਦਿੰਦਾ ਹੈ।

ਚੋਣ ਮੁਹਿੰਮ ਨਾਅਰਿਆਂ ਨੂੰ ਇਨਾਮ ਦਿੰਦੀ ਹੈ। ਸੈਨੇਟ ਵਿੱਚ ਅਕਸਰ ਪੋਜ਼ ਬਣਾਉਣ ਦਾ ਫਾਇਦਾ ਹੁੰਦਾ ਹੈ। ਰਾਸ਼ਟਰਪਤੀ ਅਹੁਦਾ ਅਜਿਹੇ ਫ਼ੈਸਲੇ ਮੰਗਦਾ ਹੈ ਜਿਨ੍ਹਾਂ ਨੂੰ ਸਾਫ਼ ਤੌਰ ਉੱਤੇ ਵਾਪਸ ਨਹੀਂ ਮੋੜਿਆ ਜਾ ਸਕਦਾ। ਵੈਂਸ ਨੂੰ ਹਾਲੇ ਇਹ ਸਾਬਤ ਕਰਨਾ ਬਾਕੀ ਹੈ ਕਿ ਉਹ ਵਿਚਾਰਧਾਰਾ ਜਾਂ ਵਫ਼ਾਦਾਰੀ ਦੇ ਟੈਸਟ ਵਿਚ ਛੁਪੇ ਬਿਨਾ ਇਹ ਭਾਰ ਸੰਭਾਲ ਸਕਦੇ ਹਨ।

ਉਨ੍ਹਾਂ ਦੀ ਚੜ੍ਹਾਈ ਵਿੱਚ ਪ੍ਰਭਾਵਸ਼ਾਲੀ ਸਰਪ੍ਰਸਤਾਂ, ਖ਼ਾਸ ਕਰਕੇ ਪੀਟਰ ਥੀਏਲ, ਅਤੇ ਹੋਰ ਦਾਨੀਆਂ ਤੇ ਬੁੱਧੀਜੀਵੀ ਸਾਥੀਆਂ ਦੀ ਇੱਕ ਘੇਰੀ ਦਾ ਵੱਡਾ ਹੱਥ ਰਿਹਾ ਹੈ। ਆਧੁਨਿਕ ਰਾਜਨੀਤੀ ਵਿੱਚ ਇਹ ਅਸਧਾਰਣ ਨਹੀਂ। ਫਿਰ ਵੀ ਇਹ ਸਵਾਲ ਰਹਿੰਦਾ ਹੈ ਕਿ ਕੀ ਉਹ ਸੱਚਮੁੱਚ ਖੁਦਮੁਖਤਿਆਰ ਹਨ।

ਕਿਸੇ ਧੜੇ ਨਾਲ ਬਹੁਤ ਨੇੜੇ ਜੁੜਿਆ ਰਾਸ਼ਟਰਪਤੀ ਅਕਸਰ ਪਹਿਲਾਂ ਉਸੀ ਧੜੇ ਦੀ ਸੇਵਾ ਕਰਦਾ ਹੈ। ਜੇਡੀ ਵੈਂਸ ਵੱਖ-ਵੱਖ ਦਰਸ਼ਕਾਂ ਲਈ ਵੱਖਰੀ ਆਵਾਜ਼ ਵਿੱਚ ਬੋਲਦੇ ਹਨ, ਇਸ ਕਰਕੇ ਇਹ ਜਾਣਨਾ ਔਖਾ ਹੋ ਜਾਂਦਾ ਹੈ ਕਿ ਅਹੁਦੇ ਉੱਤੇ ਉਹ ਕੀ ਬਚਾਉਣਗੇ ਕਿਸ ਤਰ੍ਹਾ ਦੇ ਫੈਂਸਲੇ ਲੈ ਸਕਦੇ ਹਨ। ਮਹਾਨ ਰਾਸ਼ਟਰਪਤੀ ਜਿੱਤ ਕੇ ਆਪਣਾ ਘੇਰਾ ਵੱਡਾ ਕਰਦੇ ਹਨ। ਜੇਡੀ ਵੈਂਸ ਵੋਟਾਂ ਲੈਣ ਵਾਲੀ ਲਾਈਨ ਦੇ ਅੰਦਰ ਹੀ ਰਹਿਣ ਦੀ ਵਧੇਰੇ ਸੰਭਾਵਨਾ ਰੱਖਦੇ ਹਨ।

ਜੇਡੀ ਵੈਂਸ ਸ਼ਾਇਦ ਡੋਨਾਲਡ ਟਰੰਪ ਨਾਲੋਂ ਵੱਧ ਇਕਸਾਰ ਹੋਣਗੇ ਅਤੇ ਦਿਨ-ਰਾਤ ਦੀ ਰਾਜਨੀਤੀ ਵਿੱਚ ਘੱਟ ਹੜਬੜ ਪੈਦਾ ਕਰਨਗੇ। ਇਹ ਅੰਤਰ ਅਸਲੀ ਹੈ, ਪਰ ਇਸ ਨਾਲ ਉਹ ਮਹਾਨ ਰਾਸ਼ਟਰਪਤੀ ਨਹੀਂ ਬਣ ਜਾਂਦੇ। ਮਹਾਨਤਾ ਲਈ ਸਹੀ ਫ਼ੈਸਲਾ, ਖੁਦਮੁਖਤਿਆਰੀ, ਅਤੇ ਭਰੋਸੇ ਨੂੰ ਵਧਾਉਣ ਦੀ ਸਮਰੱਥਾ ਚਾਹੀਦੀ ਹੈ, ਨਾ ਕਿ ਵੰਡਾਂ ਨੂੰ ਹੋਰ ਸਖ਼ਤ ਕਰਨਾ।

ਜੇਡੀ ਵੈਂਸ ਦੇ ਵਿਸ਼ਵਾਸ, ਉਨ੍ਹਾਂ ਦੀਆਂ ਸਾਂਝਾਂ, ਅਤੇ ਉਨ੍ਹਾਂ ਦੀਆਂ ਨੀਤਿਗਤ ਧਾਰਨਾਵਾਂ ਇੱਕ ਹੋਰ ਪਾਲਿਸ਼ ਕੀਤੇ ਕਠੋਰ ਪ੍ਰਾਜੈਕਟ ਵੱਲ ਇਸ਼ਾਰਾ ਕਰਦੀਆਂ ਹਨ। ਉਹ ਸ਼ਾਇਦ ਹੋਰ ਸੰਭਲ ਕੇ ਚੱਲਣ, ਪਰ ਜੇ ਦਿਸ਼ਾ ਉਹੀ ਰਹੇ, ਤਾਂ ਸਿਰਫ਼ ਸੰਭਲਿਆ ਹੋਇਆ ਹੋਣਾ ਵੀ ਬਿਹਤਰੀ ਨਹੀਂ ਬਣਦਾ।



**ਸੁਰਜੀਤ ਸਿੰਘ ਫਲੋਰਾ**
**SURJIT SINGH FLORA**
**6 Havelock Drive,**
**Brampton, ON**
**L6W 4A5 Canada**
**647-829-9397**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**